
ਤੇਰੇ ਘਰ ਦੀ ਦੀਵਾਰ
ਡਾ. ਕੁਲਜੀਤ ਕੌਰ

# ਤੇਰੇ ਘਰ ਦੀ ਦੀਵਾਰ

**ਡਾ. ਕੁਲਜੀਤ ਕੌਰ**

ESTD. 1940

**ਲਾਹੌਰ ਬੁੱਕ ਸ਼ਾਪ**

**2, ਲਾਜਪਤ ਰਾਇ ਮਾਰਕਿਟ, ਲੁਧਿਆਣਾ**

**TERE GHAR DI DIWAR**

**BY Dr. Kuljeet Kaur**
**Lecturer in Education,**
**Department of correspondence studies**
**Panjab University,Chandigarh**

© ਲੇਖਿਕਾ

Dr.(Mrs. ) Kuljeet Kaur
brarkuljeet@yahoo.com
ਲੈਕਚਰਾਰ (ਐਜੂਕੇਸ਼ਨ)
ਪੱਤਰ ਵਿਹਾਰ ਵਿਭਾਗ,
ਪੰਜਾਬ ਯੂਨਵਿਰਸਿਟੀ ਚੰਡੀਗੜ੍ਹ।

ਜਨਵਰੀ,2005

ਮੁੱਲ : 90 ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ,ਲਾਹੌਰ ਬੁੱਕ ਸ਼ਾਪ

2- ਲਾਜਪਤ ਰਾਏ ਮਾਰਕਿਟ,ਨੇੜੇ ਸੁਸਾਇਟੀ ਸਿਨੇਮਾ,

ਲੁਧਿਆਣਾ। ਫੋਨ: 2740738,5540732

e-mail: lahorebookshop40@rediffmail.com

Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿਟਿੰਗ ਪ੍ਰੈਸ, ਜਲੰਧਰ।

## ਸਮਰਪਣ

ਆਪਣੇ ਪਰਿਵਾਰ ਨੂੰ...

# ਭੂਮਿਕਾ

ਲਿਖਦਿਆਂ ਲਿਖਦਿਆਂ ਕਦੋਂ ਕਲਮ ਕਿੱਥੇ ਜਾ ਪਹੁੰਚੇ ਇਹਦਾ ਬਿਆਨ ਕਾਵਿ ਸਤਰਾਂ ਦੇ ਪਿੱਛੇ ਜਾ ਕੇ ਪਤਾ ਲਗਦਾ ਹੈ।ਧਿਆਨ ਨਾਲ ਵਾਚਦਿਆਂ ਪਤਾ ਲਗਦਾ ਹੈ ਕਿ ਹਰ ਰਚਨਾ ਪਿੱਛੇ ਕਵੀ ਮਨ ਦੀ ਹਾਲਤ ਕਿੰਨਾਂ ਹਾਲਤਾਂ ਦੇ ਪਿੰਜਰੇ 'ਚ ਕੈਦ ਸੀ ਤੇ ਕਿ ਭਾਵਨਾਵਾਂ ਕਿੰਜ ਝੰਜੋੜੀਆਂ ਜਾ ਚੁਕੀਆਂ ਹਨ।ਹ ਹੋਸਟਲ ਦੇ ਸ਼ਾਂਤ ਤੇ ਤੰਦਰੁਸਤ ਮਾਹੌਲ 'ਚ ਨੀਮ ਸਰਦ ਰਾਤਾਂ ਨੂੰ ਤਰੇਲੇ ਘਾਹ ਤੇ ਸਹੇਲੀਆਂ ਨਾਲ ਸੈਰ ਕਰਦਿਆਂ ਮਨ ਕਿਸੇ ਵਿਸ਼ਾਲ ਅਣਦੇਖੀ ਦੁਨੀਆਂ ਦੀ ਉਡਾਰੀ ਮਾਰ ਆਉਦਾਂ ਤੇ ਫਿਰ ਸੁਪਨਿਆਂ 'ਚ ਗਵਾਚ ਕਾਗਜ਼ ਪੈਨਸਿਲ ਨਾਲ ਮਸਲਾ ਹਲ ਹੁੰਦਾ । ਦੋਸਤਾਂ ਦੇ ਮਨ ਦੀਆਂ ਉਹ ਸਭ ਰੀਝਾਂ ਆਪਣੀਆਂ ਹੋ ਗਈਆਂ ਦਰਦ ਪੀੜਾਂ ਦਾ ਬੋਝ ਨਾਜ਼ੁਕ ਮਨ ਚੁਕਣੋਂ ਇਨਕਾਰ ਕਰਦਾ ਰਿਹਾ ਤਾਂ ਸ਼ਬਦਾਂ ਦੀ ਇਬਾਰਤ ਨਾਲ ਮਨ ਹਲਕਾ ਕੀਤਾ । ਉਲਝੇ ਮਨ ਦੀ ਗਠੜੀ ਕਾਗਜ਼ਾਂ ਦੇ ਸਿਰ ਰਖ ਰੋ ਪਈ।

ਮੇਰੀ ਪਹਿਲੀ ਕਿਤਾਬ 'ਸਤਰੰਗੀ' ਕਤਵਿ ਸੰਗ੍ਰਹਿ ਵੇਲੇ ਮਨ 'ਚ ਕਵਿਤਾਵਾਂ ਚੁਣ ਕੇ ਦੇਣ ਦਾ ਏਨਾ ਕਿਆਲ ਨਹੀਂ ਸੀ ਕਿਤਾਬ ਛਪਣ ਦਾ ਹੀ ਚਾਅ ਸੀ, ਹੁਣ ਆਪਣੀ ਚੋਣ ਨਾਲ ਕਵਿਤਾਵਾਂ ਦੀ ਤਰਤੀਬ ਦੇ ਕੇ ਇ ੱਕ ਅਜੀਬ ਜਿਹੇ ਸਫ਼ਰ ਤੇ ਜਾਂਦੇ ਹੋਏ ਮਹਿਸੂਸ ਕੀਤਾ।ਕਵਿਤਾਵਾਂ ਲਿਖਣ ਵੇਲੇ ਇਹਨਾ ਨੂੰ ਕਦੇ ਵੀ ਛਪਵਾਉਣ ਦੇ ਮਨ ਨਾਲ ਨਹੀਂ ਲਿਖੀਆਂ ਸੀ , ਬੱਸ ਆਪ -ਮੁਹਾਰੇ ਮਨੋਂ ਸ਼ਬਦ ਤਿਲਕਣ ਲੱਗੇ ਤੇ ਸਹੇਲੀਆਂ ਤੇ ਅਧਿਆਪਕਾਂ ਦੀ ਹੱਲਾ-ਸ਼ੇਰੀ ਨਾਲ ਡਾਇਰੀਆਂ 'ਚ ਤਰਤੀਬ ਦਿੰਦੀ ਰਹੀ ਜੋ ਅੱਜ ਤੁਹਾਡੇ ਨਾਲ ਸਾਂਝੀ ਕਰਨ ਜਾ ਰਹੀ ਹਾਂ।

ਧੰਨਵਾਦੀ ਹਾਂ ਆਪਣੇ ਪਰਿਵਾਰ ਦੀ, ਜਿਹਨਾਂ ਦਾ ਸਹਿਯੋਗ ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਸਭ ਤੋਂ ਪਹਿਲਾਂ ਤੇ ਜ਼ਰੂਰੀ ਹੈ।

ਧੰਨਵਾਦ ਸਹਿਤ ,

ਡਾ. ਕੁਲਜੀਤ ਕੌਰ

32, 16-ਏ, ਚੰਡੀਗੜ੍ਹ।

# ਤਰਤੀਬ


1. ਘਰ ਦੀ ਦੀਵਾਰ
2. ਦਿਲ ਦੀ ਖਾਮੋਸ਼ੀ
3. ਮੋਹ-ਪਾਣੀ
4. ਪਿਆਸ
5. ਜੋਗੀਆ ਦੇ ਡੇਰੇ
6. ਦਿਲ ਦੀ ਮੰਜਿਲ਼
7. ਯਾਦਾਂ ਦੇ ਅੰਗਿਆਰ
8. ਧਰਵਾਸ
9. ਮੀਂਹ
10. ਗ਼ੈਰਤਮੰਦ ਮੁੱਹਬਤ
11. ਤੇਰੇ ਲਈ
12. ਉਡੀਕ ਦਾ ਮਾਰੂਥਲ
13. ਭਿੱਜੇ ਹਰਫ਼
14. ਦੂਰ ਕਿਨਾਰੇ ਤੇ
15. ਹਸਰਤਾਂ ਦੇ ਦਾਗ਼
16. ਮਿੱਟੀ ਤੇ ਸੜਕ
17. ਗਿੱਲੇ ਨੈਣਾਂ ਦੀ ਦਹਿਲੀਜ਼
18. ਨਵਾਂ ਸਾਲ
19. ਨਮੋਸ਼ੀ
20. ਦੋਸਤੀ ਦੇ ਹਰਫ਼
21. ਤੇਰੀ ਤਸਵੀਰ
22. ਝੀਲ ਵਰਗੇ ਨੈਣ
23. ਪਿਆਸ ਦੇ ਹੋਂਠ
24. ਦੋ ਸੁਪਨੇ
25. ਜ਼ਿੰਦਗੀ ਦੇ ਰੰਗ
26. ਹਾਸਾ ਤੇਰਾ

27. ਸ਼ਬਦ ਤੇ ਜੁਗਨੂੰ

28. ਤੇਰੀ ਆਗੋਸ਼

29. ਉਲਝੇ ਧਾਗੇ

30. ਸੁਪਨੇ

31. ਕਿਸਮਤ ਦੇ ਪਾਣੀ

32. ਜ਼ਿੰਦਗੀ ਦੇ ਹੋਂਠ

33. ਮੌਸਮ

34. ਬੇਬਸ ਮੌਸਮ

35. ਯਾਦਾਂ ਦਾ ਮਕਬਰਾ

36. ਤੁਕਬੰਦੀ

37. ਨੂਰ

38. ਅਪਣੱਤ ਤੇ ਦੀਵਾਨਗੀ

39. ਦੀਵਾਲੀ ਤੇਰੇ ਸ਼ਹਿਰ ਦੀ

40. ਦੀਵਾਲੀ ਯਾਦਾਂ ਦੀ

41. ਸੰਗੀਤ

42. ਉਮੀਦ

43. ਰੋਂਦੇ ਨੈਣ

44. ਵਾਅਦਾ

45. ਅਧਮੋਈ ਪੀੜ

46. ਕਸੂਰ ਕਿਸਦਾ

47. ਸੁਪਨੇ ਤੇ ਪ੍ਰਛਾਵੇਂ

48. ਜੋਗੀ ਤੇ ਰਾਤ

49. ਰੀਝਾਂ ਦੀ ਤਾਣੀ

50. ਮੁਕਾਮ

51. ਮੇਰੇ ਸ਼ਹਿਰ ਦੀਆਂ ਗਲੀਆਂ

52. ਚਾਨਣੀ

53. ਮੱਠੀ ਮੱਠੀ ਲੋਅ

54. ਦਰਵਾਜ਼ੇ ਪਿਛੋਂ

55. ਸੂਰਜ ਤੇ ਤਾਰੇ

56. ਸੁਪਨਿਆਂ ਦਾ ਜਾਦੂ

57. ਨਾਗ ਕੁੰਡੀ

58. ਲੋਹੜੀ

59. ਤੇਰੇ ਨਾਂ ਦੀਆਂ ਵੰਗਾਂ

60. ਬੇਬਸੀ

61. ਜੋਗੀਆ ਲਾਲੀ

62. ਜ਼ਿੰਦਗੀ ਤੇ ਯਾਦ

63. ਅਟੱਲ ਸੱਚਾਈ

64. ਜੋਗੀ

65. ਪੁਰੇ ਦੀ ਵਾਅ

66. ਦਿਲ ਦੀ ਦੌਲਤ

67. ਪੈੜਾਂ

68. ਜੋਗਣ ਦੀ ਰੀਝ

69. ਸੂਰਜ ਦੀ ਲ਼ਾਲ਼ੀ

70. ਯਾਦ ਦਾ ਹੜ੍ਹ

71. ਨੈਣਾਂ ਦੀ ਸ਼ਰਾਰਤ

72. ਪਛਤਾਵਾ

73. ਲ਼ਾਲੀ ਨੈਣਾਂ ਦੀ

74. ਸਿਲਸਿਲਾ

75. ਰਾਹ

76. ਰੀਨਾ ਲਈ

77. ਬੇਰੰਗ ਦੁਨੀਆ

78. ਵਾਅਦਾ

79. ਡੋਲਦਾ ਮਨ

80. ਅਣਲਿਖੀਆਂ ਚਿੱਠੀਆਂ

81. ਦੋਸਤੀ ਦੇ ਸ਼ਬਦ

82. ਯਾਦਾਂ

## 1. ਤੇਰੇ ਘਰ ਦੀ ਦੀਵਾਰ

ਕਬੀਲਦਾਰੀਆਂ ਦੀ ਛੱਤ ਮੋਢਿਆਂ ਤੇ ਚੁੱਕੀ
ਮਕਾਨ ਨੂੰ ਘਰ ਬਣਾਉਂਦੀ
ਮੈਂ ਤੇਰੇ ਘਰ ਦੀ ਦੀਵਾਰ
ਕਜਦੀ ਪਰਦੇ, ਵੇਖਦੀ ਕੋਝ
ਸਭ ਕੁਝ ਮਿੱਟੀ ‘ਚ ਦਬਾਉਦੀਂ
ਮੈਂ ਤੇਰੇ ਘਰ ਦੀ ਦੀਵਾਰ
ਲਾਉਂਦੀ ਸ਼ਿੰਗਾਰ ਫੋਟੋਆਂ ਤੇ ਸੀਨਰੀਆਂ ਦਾ
ਘੜੀਆਂ ਸੀਨੇ ਤੇ ਲਟਕਾਉਂਦੀ
ਮੈਂ ਤੇਰੇ ਘਰ ਦੀ ਦੀਵਾਰ
ਬੇਹਰਕਤ ,ਅਹਿਲ ਤੇ ਬੇਜ਼ੁਬਾਨ,
ਸਭ ਕੁਝ ਸੁਣਦੀ ਨਾ ਕੁਝ ਕਹਿੰਦੀ
ਮੈਂ ਤੇਰੇ ਘਰ ਦੀ ਦੀਵਾਰ
ਮੀਂਹ ਹਨੇਰੀਆਂ ਤੇ ਲੂਆਂ ਤੋਂ ਕਰਦੀ ਰਖਵਾਲੀ
ਆਪਣੀ ਕੁੱਖ ਤੇ ਛੁਰੀਆਂ ਨਹਿੱਥੀ ਦੇ ਸਹਿੰਦੀ
ਮੈਂ ਤੇਰੇ ਘਰ ਦੀ ਦੀਵਾਰ
ਮਨ ਦੇ ਭੁਚਾਲਾਂ ਨੇ ਤਰੇੜ ਦਿੱਤੇ ਇੱਟ ਪੱਥਰ
ਤਾਂ ਘਰ ਨੂੰ ਕਬਰਸਥਾਨ ਬਣਾਉਦੀ
ਮੈਂ ਤੇਰੇ ਘਰ ਦੀ ਦੀਵਾਰ
ਧੁੱਪਾਂ ਸਰਦੀਆਂ ਤੇ ਹਨੇਰੀਆਂ ਤਾਂ ਸਹਿੰਦੀ
ਪਰ ਭੂਚਾਲ ਕਿੰਜ ਸਹਿੰਦੀ
ਮੈਂ ਤੇਰੇ ਘਰ ਦੀ ਦੀਵਾਰ
ਮੈਂ ਤੇਰੇ ਘਰ ਦੀ ਦੀਵਾਰ

## 2. ਦਿਲ ਦੀ ਖਾਮੋਸ਼ੀ

ਨੀਂਦ ਦੀ ਬੋਝਲ ਝੋਲੀ ‘ਚ ਅੱਜ

ਦਿਨ ਢੇਰ ਉਦਾਸੀਆਂ ਪਾ ਗਿਆ।

ਸੁੱਤਾ ਰਿਹਾ ਮਹਿਫਲ ‘ਚ

ਰਾਤ ਭਰ ਜਾਗ ਕੇ ਦਹਿੰ ਚੜਾ ਗਿਆ।

ਖਾਮੋਸ਼ ਸੀ ਰਾਤ ਦੀ ਅਵਾਜ

ਕਾਲੇ ਰੰਗ ਨੂੰ ਚੁੱਪ ‘ਚ ਵਟਾ ਗਿਆ।

ਚਿਹਰਾ ਸੀ ਫਿੱਕਾ ਫਿੱਕਾ

ਅਸਾਂ ਨੂਰ ਕਿਸੇ ਖ਼ਾਬ ਦਾ ਗਵਾ ਲਿਆ।

ਧੁਧੰਲੀ ਸਵੇਰ ਸੀ ਜਿਸ ਦਿਨ ਦੀ

ਤਰਕਾਲਾਂ ਵੇਲੇ ਉਦਾਸੀਆਂ ਦਾ ਬੱਦਲ ਛਾ ਗਿਆ ।

ਚਾਅ ਮੁਰਝਾਏ ਫੁੱਲਾਂ ਵਰਗੇ

ਮਰ ਗਏ ਜਿਉਂ ਹੀ ਸੂਰਜ ਆ ਗਿਆ।

ਰਾਤਾਂ ਨੂੰ ਮੋਹ ਸੀ ਚੰਨ ਨਾਲ

ਚੰਨ ਗੋਡੀ ਮਾਰ ਪਲਾਂ ‘ਚ ਹੋਂਦ ਗਵਾ ਗਿਆ।

ਬੁੱਲਬੁਲ ਦੇ ਖੰਭਾਂ ਦਾ ਆਲ੍ਹਣਾ

ਜ਼ਮਾਨੇ ਦੇ ਪੰਛੀਆਂ ਬਣਾ ਲਿਆ।

ਗੀਤਾਂ ਦੀ ਤਾਲ ਟੁੱਟੀ

ਹੌਕਿਆਂ ਦਾ ਤਾਲ ਮਿਲਾ ਲਿਆ।

ਬੰਦ ਦਰਵਾਜ਼ੇ ਖੁਲਣ ਤੋਂ

ਪਹਿਲਾਂ ਹੀ ਤਾਲਾ ਜੰਗਾਲ ਨੇ ਖਾ ਲ਼ਿਆ।

ਰੀਤਾਂ ਦੀ ਮਜ਼ਾਰ ਨੂੰ ਸਜਦੇ ਕਰ

ਦਿਲ ਨੂੰ ਖਾਮੋਸ਼ੀ ਦੇ ਪਰਦੇ ‘ਚ ਪਾ ਲਿਆ।

## 3. ਮੋਹ ਦਾ ਪਾਣੀ

ਮਹਿਕ ਜਿਹੀ ਉਠੀ ਆਲੇ ਦੁਆਲਿਓ
ਖੁਸ਼ਬੋ ਜਿਹੀ ਆ ਗਈ ਬਦਨ ‘ਚ
ਸੋਚਾਂ ਦੇ ਅਲਾਰਮ ਤੇਰੀ ਯਾਦ ਦਾ
ਸਵੇਰਾ ਲੇ ਜ਼ਿਹਨ ਮੱਲ ਬੈਠੇ
ਅੱਖਰਾਂ ਨੂੰ ਸੁਧ ਬੁਧ ਨਾ ਰਹੀ
ਚੰਨ ਨੂੰ ਨੇੜਤਾ ਮਾਫ਼ਕ ਨਾ ਆਈ
ਤਾਰਿਆਂ ਨੂੰ ਡੁੱਬਣਾ ਚੰਗਾ ਲਗਿਆ
ਪਾਣੀ ‘ਚ ਹਿਲਦੇ ਪ੍ਰਕਾਸ਼ ਨੂੰ
ਤੱਕਦਾ ਰਿਹਾ ਚਿਹਰਾ ਗਿਣਤੀਆਂ ਦੇ ਭਰਮਾਂ
ਨੂੰ ਪਾਲਦਾ ਰਿਹਾ ਜੇ ਕੁਝ
ਨਹੀਂ ਬਦਲ਼ਿਆ ਸੀ ਤਾਂ ਮੋਹ ਦਾ
ਨਿਰਛਲ ਪਾਣੀ ਅੱਖਾਂ ਦੇ ਕੋਇਆਂ
‘ਚ ਉਵੇਂ ਭਰਿਆ ਰਿਹਾ
ਚਮਕਦਾ ਰਿਹਾ ਲਿਸ਼ਕਦਾ ਰਿਹਾ
ਤੇ ਪਿਆਸ ਦੇ ਹੋਠਾਂ ਤੀਕ
ਅਪੜਣ ਲਈ ਤਰਸਦਾ ਰਿਹਾ।

## 4. ਪਿਆਸ

ਸਾਹਾਂ ਦੇ ਖੇਤ ‘ਚ ਲੱਗੀ ਅੱਗ,

ਵਸਲ ਦੀ ਚੂਲੀ ਨਾ

ਤੇਰੇ ਹੱਥੋਂ ਨਸੀਬ ਹੋਈ

ਲੀਕਾਂ ਦੇ ਮਿਟਦੇ ਬਣਦੇ ਅਕਾਰ

ਯਾਦਾਂ ਦਾ ਸਿਲਸਿਲਾ

ਅਵਾਜ਼ਾਂ ਦਾ ਸ਼ੋਰ, ਤਿੱਖਾਪਣ

ਤੇ ਉਡੀਕਾਂ ਦੇ ਚੰਨ ਦਾ ਦੀਦਾਰ

ਲਫ਼ਜਾਂ ਦੇ ਬੰਧਨ

ਰੰਗਾਂ ‘ਚ ਉਲਝੇ ਖ਼ਿਆਲ

ਅਜ਼ਾਦ ਫਿਜ਼ਾ ਦੇ ਉੱਡਦੇ

ਬਦਲਾਂ ਦੀਆਂ ਟਾਹਣੀਆਂ ਨਾਪਦੇ ਚਿਹਰਿਆਂ

ਘੜਿਆਂ ਚੋਂ ਪਾਣੀ ਭਰਦੇ

ਕਦਮਾਂ ਦੀ ਕਾਹਲੀ ‘ਚ

ਭੱਜਦੇ ਜਿਸਮਾਂ

ਕਪਾਹੀ ਢੇਰਾਂ ਪਿੱਛੇ ਲੁੱਕੇ ਸ਼ੇਰਾਂ ਦੀ

ਟੁੱਟੀ ਨੀਂਦ ਦਾ ਜੰਗਲ ਦੀ ਸਵੇਰ ‘ਚ

ਅਲਾਰਮ ਬਣ ਗਰਜਦਾ ਮਾਹੌਲ

ਪਿਆਸ ਦੇ ਅੰਬਰ ਤੇ

ਪੈੜਾਂ ਛੱਡਦਾ ਜਾਪਦੈ।

## 5. ਜੋਗੀਆ ਦੇ ਡੇਰੇ

ਸੁਪਨਿਆਂ ਵਾਂਝੀ ਰਾਤ

ਜਾਗਦੀ ਤਾਰਿਆਂ ਸੰਗ

ਹੰਝੂਆਂ ਦੇ ਜਾਮ ਪੀਂਦੀ ਰਹੀ

ਜੋਗੀਆਂ ਦੇ ਡੇਰਿਆਂ 'ਚੋਂ

ਉਠਦੇ ਧੂੰਏਂ

ਉੱਡਦੇ ਜੋਗੀਆਂ ਪਰਨੇ

ਤੇ ਡੀਕਾਂ ਲਾ ਲਾ ਦੁੱਧ ਕਟੋਰਿਆਂ 'ਚੋਂ

ਪੀ ਪੀ ਸੁੱਤੇ ਨਾਗਰਾਜ

ਵੀਰਾਨੀ ਫ਼ਿਜਾ 'ਚ ਬੀਨ ਦਾ

ਸੰਗੀਤ ਟੱਲੀਆਂ ਦੀ ਖਣਕਾਰ

ਰਾਤ ਨੂੰ ਨੀਂਦ ਤੋਂ ਪਰ੍ਹਾਂ ਲਿਜਾਂਦੀ ਰਹੀ

ਜਿਵੇਂ ਬਿਜਲੀਆਂ ਤੋਂ ਰੀਝਾਂ

ਦੀਆਂ ਨਜ਼ਰਾਂ ਟਕਰਾ ਟਕਰਾ

ਜਖਮੀ ਹੁੰਦੀਆਂ ਰਹੀਆਂ

ਬੇਸਮਝੀ ਤੇ ਪਰਦੇ ਪਾਉਂਦੇ

ਥਾਨ 'ਚ ਗਵਾਚੇ ਰੰਗਾਂ ਦੀ ਪਛਾਣ ਨਜ਼ਰਾਂ

ਦਾ ਨਹੀਂ ਦਿਲ ਦਾ ਕੰਮ ਸੀ।

## 6. ਦਿਲ ਦੀ ਮੰਜ਼ਿਲ

ਹੱਸਦੇ ਚਿਹਰੇ ਤੇ ਸਜੇ ਬੋਲਾਂ

ਦੇ ਰਸ 'ਚੋਂ ਮੋਹ ਦੀ ਮਹਿਕ ਆਈ

ਜਿਉਂ ਗੋਰੇ ਹੱਥਾਂ ਤੇ ਚੜੀ

ਸਜਰੀ ਮਹਿੰਦੀ ਆਪਣੀ

ਖ਼ੁਸ਼ਬੂ ਸਾਹਾਂ ਤੱਕ ਲੈ ਅਪੜਦੀ ਹੈ।

ਖਿਆਲਾਂ ਤੇ ਰਾਜ ਕਰਦੇ

ਦਿਨ ਦੀਵੀਂ ਸੁਪਨਿਆਂ ਨੂੰ

ਪਲਕਾਂ ਤੇ ਟਿਕਾਉਂਦੇ

ਬੇਸੁੱਧ ਬੇਸੁਰਤ ਕਿਸੇ ਲਗਨ 'ਚ

ਦਿਲ ਆਪ ਮੁਹਾਰਾ ਹੀ ਕਦਮ ਦਰ ਕਦਮ

ਮੰਜ਼ਿਲ ਵੱਲ ਆ ਰਿਹੈ

ਜਾਂ ਮੰਜ਼ਿਲ ਤੋਂ ਪਰ੍ਹਾਂ

ਇਸ ਦੀ ਖ਼ਬਰ

ਵਕਤ ਦੀਆਂ ਡਾਇਰੀਆਂ ਤੋਂ ਪਤਾ ਲਗੇਗੀ।

## 7. ਯਾਦਾਂ ਦੇ ਅੰਗਿਆਰ

ਯਾਦਾਂ ਦੇ ਕੁਝ ਫੁੱਲ ਕਪਾਹੀ

ਨੀਲੇ ਅੰਬਰਾਂ ਤੇ ਛਾ ਗਏ।

ਬੂੰਦਾਂ ਚੰਦ ਕੁ ਟਪਕੀਆਂ

ਧਰਤੀ ਦੇ ਸਵਾਸ ਸ਼ਰਮਾ ਗਏ।

ਖ਼ਿਆਲ ਤੇਰੇ ਬਿਨ ਦਸਤਕ

ਦਿਲ ਦੇ ਆਂਗਨ ਆ ਗਏ।

ਡੱਕੇ ਪਏ ਹੰਝੂ ਨੈਣਾਂ ਅੰਦਰ

ਬਿਨ ਬਾਤ ਹੀ ਬਾਹਰ ਆ ਗਏ ।

ਨੀਂਦ ਦੇ ਸੱਪ ਕਾਲੇ ਕਾਲੇ

ਅਰਮਾਨਾਂ ਦੀ ਸੇਜ ਭੁਲਾ ਗਏ ।

ਗੱਲ ਮੁਹੱਬਤ ਦਾ ਸੱਪ ਪਾ

ਜੋਗੀ ਫਰਜ਼ਾਂ ਦੀ ਬੀਨ ਵਜਾ ਗਏ।

ਬੁਝ ਗਈ ਲਾਟ ਕੇਰਾਂ ਤਾਂ

ਮੁੜ ਅੰਗਿਆਰ ਪੈਰਾਂ ਤੇ ਛਾਲੇ ਪਾ ਗਏ।

## ੮. ਧਰਵਾਸ

ਸੁਪਨਿਆਂ ਦੇ ਪਰਛਾਵੇਂ ਪਿੱਛੇ ਤੁਰਦੇ

ਟੋਲਦੇ ਹਨੇਰਿਆਂ ‘ਚੋਂ

ਤੇਰੀ ਯਾਦ ਦੇ ਖੂੰਜੇ ਫਰੋਲਦੇ ਰਹੇ

ਰਾਤ ਦੀ ਦਹਿਲੀਜ਼ ਤੇ ਉਡੀਕ ਦਾ ਜੋਗੀ

ਖੜ੍ਹਾ ਨਾ ਥਕਿਆ

ਪਾਣੀਆਂ ਦੇ ਵਹਾਅ ਨੂੰ ਰੋਕਦੇ

ਬੂਝੇ ਜੜਾਂ ਸਮੇਤ ਤੇਰੀ ਯਾਦ ਸੰਗ

ਵਹਿ ਤੁਰੇ ਤੇ ਸੁਪਨਿਆਂ ਦਾ ਪੁੱਲ

ਵਹਿੰਦੇ ਪਾਣੀ ਨੂੰ ਤੱਕ

ਦਿਲ ਨੂੰ ਧਰਵਾਸ ਦੇ

ਅਡੋਲ ਖੜਾ ਰਿਹਾ।

## 9. ਮੀਂਹ

ਸਿਆਣਪ ਦਾ ਮੀਂਹ

ਮੁੱਹਬਤ ਦੀ ਧਰਤੀ ਤੇ ਵਰ੍ਹਦਾ ਰਿਹਾ

ਤਾਂ ਸੋਚਾਂ ਦੇ ਜਿੰਦਰੇ ਜੰਗਾਲੇ ਗਏ

ਤੇ ਉਡੀਕਾਂ ਦਾ ਅੰਬਰ

ਬੱਦਲਾਂ ਸੰਗ ਕਜਿਆ ਲਦਿਆ

ਬਦਰੰਗ ਜਿਹਾ ਹੋ ਗਿਆ

ਸੁਰਮਈ ਰੰਗਾਂ ‘ਚੋਂ ਮੰਜ਼ਿਲ ਦੇ

ਚਿੱਤਰਾਂ ਦਾ ਅਕਸ ਤੱਕ

ਮਨ ਨੂੰ ਮੀਂਹ ‘ਚ ਭਿੱਜ

ਕੇ ਸੰਤੁਸ਼ਤੀ ਮਿਲੀ।

## 10. ਗ਼ੈਰਤਮੰਦ ਮੁੱਹਬਤ

ਰੀਤ ਜੋਗੀਆ ਦੀ ਨਾ ਮੀਤ ਬਨਣ ਕਿਸੇ ਦੇ

ਰੀਤ ਮੁਹੱਬਤ ਦੀ

ਟੋਲੇ ਹਰ ਚਿਹਰੇ ‘ਚੋਂ ਮੀਤ ਦਾ ਚਿਹਰਾ

ਬੇਈਮਾਨਾਂ ਨੂੰ ਆਦਤ

ਵਾਅਦਿਆਂ ਤੇ ਮਿੱਟੀ ਪਾਉਣ ਦੀ

ਪਰ ਮੁੱਹਬਤ ਕਿਸੇ ਆਦਤ ਦੀ

ਗ੍ਰਿਫਤ ਤੋਂ ਬਾਹਰ ਦੀ ਸ਼ੈਅ

ਮੁਹੱਬਤ ਵਾਅਦਿਆਂ ਦੇ ਰੰਗੀਨ

ਪਹਿਰਾਵਿਆਂ ਤੋਂ ਅਣਜਾਨ

ਮਹਿਬੂਬ ਰੰਗ ‘ਚ ਰੰਗੀ

ਇਸ਼ਕ ਦੇ ਫਕੀਰੀ ਜਿੱਡੇ

ਖੁੱਲੇ ਡੁੱਲ੍ਹੇ ਚੋਲੇ ‘ਚ

ਸਮਾਉਣ ਦਾ ਜੇਰਾ ਰਕ ਸਕਦੀ ਐ

ਮੁਹੱਬਤ ਬੋਟੀਆਂ ਤੇ ਲਾਲਾਂ ਟਪਕਾਉਂਦਾ

ਪਾਲਤੂ ਨਹੀਂ , ਗੈਰਤ ਦਾ ਸ਼ਿਕਾਰ

ਕਰਨ ਵਾਲੇ ਪੰਜੇ ਦੀ ਨਹੁੰਦਰ ਐ।

## 11. ਤੇਰੇ ਲਈ

ਓਹਨੇ ਜਦੋਂ ਕੀਤੀ

ਤੇਰੇ ਸ਼ਬਾਬ ਦੀ ਗੱਲ ਕੀਤੀ,

ਅਸੀਂ ਜਦੋਂ ਕੀਤੀ

ਦਿਲ ਦੀ ਟੁੱਟੀ ਰਬਾਬ ਦੀ ਗੱਲ ਕੀਤੀ।

ਓਹਨੇ ਜਦੋਂ ਪੀਤੇ

ਜਾਮ ਹੁਸਨ ਪਿਆਰ ਦੇ ਭਰੇ ਪੀਤੇ,

ਅਸੀਂ ਜਦੋਂ ਪੀਤੇ

ਗ਼ਮ ਦਰਦ ਦੇ ਜਾਮ ਬੇਹਿਸਾਬ ਪੀਤੇ।

ਓਹ ਤੁਰਿਆ ਸਦਾ ਅਕੜਾ ਕੇ ਧੌਣ

ਅਸੀਂ ਓਹਦੇ ਕਦਮਾਂ ਤੇ ਕਦਮ ਟਿਕਾ ਕੇ ਤੁਰੇ।

ਨਹੀਂ ਸੀ ਸਾਡੇ ਪਾਣੀਆਂ ਨੂੰ

ਪਿਆਰ ਪੁਲਾ ਥੱਲੇ ਵਗਣਾ ਨਸੀਬ

ਅਸੀਂ ਤਾਂ ਹਰ ਨਜ਼ਰ ਦੁਨੀਆਂ ਤੋਂ ਬਚਾ ਕੇ

ਤੇਰੀ ਨਜ਼ਰ ਨਾਲ ਮਿਲਾ ਕੇ ਤੁਰੇ।

ਜਿਥੇ ਮਹੀਂਵਾਲ ਪੱਟ ਚਿਰਾ ਕੇ

ਰਾਂਝੇ ਕੰਨ ਪੜਵਾ ਕੇ ਤੁਰੇ

ਸਾਡੀ ਨੀਤ ਤਾਂ ਸਿੱਧੀ ਰਹੀ , ਸਿੱਧੀ ਰਹੇਗੀ,

ਤੇਰੇ ਹਮਸਾਏ ਹੀ ਪਿੱਛੇ ਪਿੱਛੇ ਲੈ ਕੇ ਕਟਾਰ ਤੁਰੇ।

## 12. ਉਡੀਕ ਦਾ ਮਾਰੂਥਲ

ਸੁੱਕੇ ਬੁੱਲਾਂ ਤੇ ਫੇਰ ਲਈ ਜੀਭ ਜਿੰਨਾ

ਪਿਆਸ ਦਾ ਮਨ ਕਰ ਲਿਆ ਕੈਦ

ਤੇ ਸੰਤੁਸ਼ਤੀ ਦੇ ਜੀਭ ਰਸ ਨਾਲ

ਤ੍ਰਿਪਤ ਜਗਿਆਸਾ ਦੀ

ਜੀਭ ਦਾ ਰਸ ਨਿਚੁੜ ਨਿਚੁੜ

ਬੂੰਦ ਬੂੰਦ ਸੁੱਕਦਾ ਗਿਆ

ਇਕਨਾਂ ਨੇ ਲਾਏ ਖੂਹ

ਲਗੀ ਧਰਤੀ ਟੋਲਿਆਂ ਮੀਂਹ

ਹਥੀਂ ਛਾਲੇ ਮਿਹਨਤ ਵਾਲੇ

ਡੂੰਘੀ ਗਿਆਨ ਵਾਲੀ ਖੂਹੀ ਵਿਚੋਂ

ਫੁੱਟਿਆਂ ਚਸ਼ਮਾ ਅੰਤਰ ਆਤਮਾ ਦਾ

ਧਿਆਨ ਦਾ

ਸੰਤੁਸ਼ਟਤਾ ਦਾ ਅੰਮ੍ਰਿਤ

ਚਿਰੋਕੀ ਉਡੀਕ ਦੇ ਮਾਰੂਥਲ ‘ਚ

ਭਟਕਦੇ ਦਿਲ ਦਾ ਹੋਰਾਂ ਨੂੰ ਨਸੀਬ ਹੋਇਆ

ਪਿਆਸ ਤੋਂ ਪਿਆਸ ਜਨਮੀ ਤੇ ਪਿਆਸ ਦੀ

ਮੁਕਤੀ ਹੋਈ।

## 13. ਭਿੱਜੇ ਹਰਫ਼

ਹਰਫ਼ ਕੁਝ ਭਿੱਜੇ ਰੂਹਾਂ ਦੇ ਪਾਣੀਆਂ ‘ਚ

ਲਫ਼ਜ ਕੁਝ ਡੁੱਬੇ ਨੈਣਾਂ ‘ਚ

ਰੰਗ ਕੁਝ ਬਿਖਰੇ ਕਾਗਜ਼ਾਂ ਤੇ

ਇਹਨਾਂ ਦਾ ਸਿਹਰਾ ਦੋਸਤੀਆਂ ਦੇ

ਸਿਰ ਜਾਏਗਾ

ਇਹਨਾਂ ਦੀ ਹਥੇਲੀ ਤੇ ਦੋਸਤੀ ਦੇ

ਦਸਤਖਤ ਹੋਣਗੇ

ਅਤੇ ਇਹ ਲਫ਼ਜ ਦੋਸਤਾਂ ਨੂੰ

ਕੱਚੇ ਧਾਗਿਆਂ ਦੇ ਜਾਲ ‘ਚ

ਬੰਨ੍ਹ ਜ਼ਿੰਦਗੀ ਦੇ ਸਿੱਧ ਪਧਰੇ ਰਾਹ ਵੱਲ

ਤੋਰ ਦੇਣਗੇ ਜਿਥੇ ਜਾ ਕੇ ਹਰਫ਼ਾਂ ਦੀ

ਹੋਂਦ ਗਵਾਚ ਜਾਵੇਗੀ

ਰੰਗਾਂ ਦੀ ਪਛਾਣ ਓਪਰੀ ਹੋ ਜਾਵੇਗੀ

## 14. ਦੂਰ ਕਿਨਾਰੇ ਤੇ

ਕੁਝ ਤਾ ਕਿਨਾਰੇ ਸਨ ਦੂਰ

ਕੁਝ ਰਾਹ ਦੇ ਰੋੜਾਂ ਨੇ ਅਟਕਾ ਲਿਆ

ਮਧੱਮ ਤੇ ਮੱਠੀ ਮੱਠੀ ਵਗਦੀ ਸੀ ਵਾ

ਤੇ ਪੋਲੇ ਸ਼ਬਦਾਂ ਦੀ ਮਹਿਕ

ਪਾਣੀਆਂ ਦੇ ਸ਼ੋਰ ਨੇ ਝੁਕਾ ਲਈ

ਹਨੇਰੀ ਸੀ ਵਗਦੀ ਯਾਦਾਂ ਦੀ

ਅਛੋਪਲੇ ਰੀਝਾਂ ਦੀ ਪੰਡ ਲੁਕਾ ਲਈ

ਪੀ ਕੇ ਸਬਰ ਦੀ ਦਾਰੂ

ਦਿਲ ਦੀ ਪਿਆਸ ਬੁਝਾ ਲਈ

ਅੱਗ ਲਾਉਂਦੀ ਸੀ ਵਿਛੋੜੇ ਦੀ ਰਾਤ

ਬਲਦਾ ਸੀ ਅੰਗ ਅੰਗ

ਮੁਹੱਬਤ ਜਾਲ ‘ਚ ਫਸੀ ਮੱਛੀ

ਰੂਹਾਂ ਤੱਕ ਕੰਬਾ ਗਈ

ਪੀਤੀ ਸੀ ਘੁੱਟ ਨੈਣਾਂ ‘ਚੋਂ ਤੇਰੇ

ਮਦਹੋਸ਼ੀ ਭਰੀ ਉਸ ਸ਼ਾਮ ਨੂੰ

ਯਾਦ ਕਰਕੇ ਉਹ ਵੇਲਾ

ਨੀਂਦ ਸੁਖਾਲੀ ਆ ਗਈ

ਉਡੱਦੇ ਰਹਿੰਦੇ ਨੇ ਖੰਭ ਸ਼ਿਕਵਿਆਂ ਦੇ

ਖਿਲਰੇ ਰਹਿੰਦੇ ਨੇ ਪਰ ਮੁਹੱਬਤ ਦੇ

ਸ਼ਿਕਵੇ ਸ਼ਿਕਾਇਤਾਂ ਮੁਹੱਬਤ ਨੂੰ ਸੂਲੀ ਚੜਾਓਂਦੇ ਨੇ

ਮੋਹ ਤੇਰੇ ਦੀਆਂ ਕੰਕਰਾਂ ਚੁੱਕ

ਝੋਲੀ ਪਾਉਂਦੇ ਨੇ ਤੇ ਗਿਣ ਗਿਣ ਕੇ ਦਿਨ

ਅਰਮਾਨਾਂ ਨੂੰ ਟਿਕਾਉਂਦੇ ਨੇ।

## 15. ਹਸਰਤਾਂ ਦੇ ਦਾਗ਼

ਹਸਰਤਾਂ ਦੇ ਦਾਗ਼ ਮਿਟਾ ਰਿਹਾ ਹੈ ਕੋਈ,

ਚਿਰੋਕੀ ਪੀੜ ਤੇ

ਅੱਗ ਪਾ ਰਿਹਾ ਹੈ ਕੋਈ।

ਗਹਿਰ ਚੜ੍ਹੀ ਅੰਬਰ ਦੇ

ਸਿਰ ਤੇ ਜ਼ੁਲਮ ਦਾ

ਮੀਂਹ ਵਰ੍ਹਾ ਰਿਹਾ ਹੈ ਕੋਈ।

ਹੰਝੂ ਤਾਂ ਬਥੇਰੇ ਵਗਦੇ ਨੇ

ਪਹਿਲਾਂ ਹੀ ਘਟਾਵਾਂ ਨੂੰ

ਦੇਖ ਰਾਗ ਗਾ ਰਿਹਾ ਹੈ ਕੋਈ।

ਧਰਤੀ ਹੈ ਜਲ ਥਲ ਹੋਈ

ਬੁਰੀ ਤਰਾਂ ਸੂਰਜ ਨੂੰ ਲਕੋ ਕੇ

ਬੱਦਲ ਵਰਸਾ ਰਿਹਾ ਹੈ ਕੋਈ।

ਨਾ ਦੇਹ ਐਨਾ ਪਿਆਰ ਕਿ

ਵਿਸ਼ਵਾਸ਼ ਬੰਨ ਜਾਵੇ ਮੁਹੱਬਤ ਦੀ ਕੰਧ ਨੂੰ

ਹੰਝੂਆਂ ਦੇ ਨਾਲ ਢਾਲ ਰਿਹਾ ਹੈ ਕੋਈ।

ਇਹਦੇ ਪਿਛੇ ਕੀ ਹੈ ਹਕੀਕਤ ਛੁਪੀ

ਪਰਦਾ ਚੁੱਕ ਕੇ ਦੇਖ

ਕਿਉਂ ਪਰਦੇ ਤੇ ਪਰਦਾ ਪਾ ਰਿਹਾ ਹੈ ਕੋਈ।

ਜ਼ਹਿਰ ਪੀ ਕੇ ਨਹੀਂ ਦੁਨੀਆਂ ਵਾਲੇ ਮਰਨ ਦਿੰਦੇ

ਯੰਤਰਾਂ ਨਾਲ ਜ਼ਹਿਰ ਕੱਢ ਕੇ,

ਦਵਾਈਆਂ ਦਾ ਜ਼ਹਿਰ ਖਾ ਰਿਹਾ ਹੈ ਕੋਈ।

ਸਾਹਾਂ ਦੀ ਡੋਰ ਹੈ ਕੱਚੀ ਤੰਦ  ਸੂਤ ਦੀ

ਕੱਚੀ ਡੋਰੀ ਨੂੰ ਵੱਟ ਚੜਾ ਕੇ

ਛੋਟਾ ਬਣਾ ਰਿਹਾ ਹੈ ਕੋਈ।

ਨਹੀਂ ਪੀਂਦਾ ਜੇ ਤੂੰ ਰਲ ਕੇ ਮਹਿਫ਼ਲ ਦੇ ਵਿੱਚ

ਨਹੀਂ ਪੀਂਦਾ ਦਾ ਇਲਜ਼ਾਮ

ਤੇਰੇ ਸਿਰ ਕਿਉਂ ਲਾ ਰਿਹਾ ਹੈ ਕੋਈ।

ਜਾਮ ਨੇ ਹਰੇਕ ਦੇ ਹੱਥ ਫੜੇ ਹੋਏ

ਕੋਈ ਘੁੱਟੀ ਬਾਟੀ ਪੀਂਦਾ ,

ਚੁਸਕੀਆਂ ਲੈ ਨਸ਼ਾ ਚੜਾ ਰਿਹਾ ਹੈ ਕੋਈ।

ਦਰਦ ਇਸ ਦਿਲ ਦੇ ਬੜੇ ਨੇ

ਨਿਕੰਮੇ ਤੇ ਬੁਜ਼ਦਿਲ ਸਾਹਮਣੇ ਨਾ ਪ੍ਰਗਟ ਹੋਣ

ਬਸ ਦਿਲ ‘ਚ ਲੁਕਾ ਰਿਹਾ ਹੈ ਕੋਈ।

ਚੀਜ਼ ਐਸੀ ਹੈ ਮੁਹੱਬਤ , ਬਿਨਾਂ ਪੀਤਿਆਂ ਚੜ ਜਾਂਦੀ

ਚਿਰਾ ਕੇ ਪੋਟਾ ਪੋਟਾ ਏਸ

ਰੋਗ ਤੋਂ ਨਿਜਾਤ ਪਾ ਰਿਹਾ ਹੈ ਕੋਈ।

## 16. ਮਿੱਟੀ ਤੇ ਸੜਕ

ਹਰ ਸ਼ੀਸ਼ੇ ਦੀ ਰੋਸ਼ਨੀ ਸਮੇਟ ਲੈਂਦੀ ਹੁਸਨ ਨੂੰ

ਨਫ਼ਰਤ ਜਿਉਂ ਮੁਹੱਬਤ ਨੂੰ ਢਾਣ ਲਾ ਦਿੰਦੀ।

ਬੂੰਦ ਪਾਣੀ ਦੀ ਪਿਆਸ ਦੇ ਬੁੱਲਾਂ ਨੂੰ ਕਾਫ਼ੀ

ਤੇਹ ਇੱਕ ਬੂੰਦ ਦੀ ਜਾਨ ਗਵਾ ਦਿੰਦੀ।

ਰੋਕੜੇ ਖਰਚ ਕੇ ਜਿਸਮ ਖਰੀਦ ਲਏ

ਰੇਤ 'ਚ ਸੋਨੇ ਦੀ ਡਲੀ ਕਿਦਾਂ ਮਿਲਾ ਦਿੰਦੀ।

ਭਾਵਨਾਵਾਂ ਦੇ ਜੋਰ ਤੇ ਤਿਲਕਣ ਲੱਗੇ ਪੈਰ

ਭਾਵਨਾਵਾਂ ਨੂੰ ਸਾੜ ਕੇ ਕਿਉਂ ਨਹੀਂ ਸਵਾਹ ਬਣਾ ਦਿੰਦੀ।

ਰੁੱਤਾਂ ਦੇ ਬਦਲਣ ਦਾ ਮੌਸਮ ਵੀ ਅਜੀਬ ਹੈ,

ਕਿਉਂ ਨਹੀਂ ਅਰਮਾਨਾਂ ਨੂੰ ਵੀ ਨਵਾਂ ਰੰਗ ਚੜਾ ਦਿੰਦੀ।

ਮਿੱਟੀ 'ਚੋਂ ਖੁਸ਼ਬੋ ਫਿਰ ਨਾ ਆਉਂਦੀ

ਜਦੋਂ ਮਿੱਟੀ ਉੱਤੇ ਸਰਕਾਰ ਰੋੜੀ ਤੇ ਲੁੱਕ ਚੜ੍ਹਾ ਦਿੰਦੀ।

## 17. ਗਿੱਲੇ ਨੈਣਾਂ ਦੀ ਦਹਿਲੀਜ਼

ਚਿਰ ਬਾਅਦ ਅੱਜ ਤੇਰੀ ਯਾਦ

ਗਿੱਲੇ ਨੈਣਾਂ ਦੀ ਦਹਿਲੀਜ਼ ਤੇ ਆਈ

ਦੇਖ ਯਕੀਨ ਜਿਹਾ ਨਹੀਂ ਹੁੰਦਾ

ਕਿ ਇੰਨਾ ਅੱਖਾਂ ਦੀ ਨੀਂਦ ਤੂੰ ਸੀ

ਦਿਲ ਤਾਂ ਹੁਣ ਠੰਡੇ ਹੌਕੇ ਭਰਨੇ ਭੁੱਲ ਚੁਕਿਐ!

ਤੇ ਜਿਸਮ 'ਚ ਤੇਰੀ ਤਰੰਗ ਕੰਬਣੀ ਨਹੀਂ ਛੇਡਦੀ

ਤੇਰਾ ਜ਼ਿਕਰ ਕੋਈ ਜੁਰਮ ਨਹੀਂ

ਤੇਰਾ ਦੀਦਾਰ ਕੋਈ ਕਿਆਮਤ ਨਹੀਂ

ਬੱਸ ਲਫ਼ਜਾਂ ਦਾ ਸਫ਼ੇਦ ਕਾਗਜ਼ਾਂ ਦੀ

ਦੀਵਾਰਗੀ 'ਚ ਕੈਦ ਹੋ ਕੇ

ਨਜਮਾਂ ਲਿਖਣਾ, ਪੜ੍ਹਣਾ ਤੇ

ਬਾਰ ਬਾਰ ਸ਼ਬਦਾਂ ਨੂੰ ਨਿਹਾਰਨਾ

ਹੀ ਤੇਰੀ ਮੁਹੱਬਤ ਦਾ ਨਿਸ਼ਾਨਾ ਹੋ ਗਿਆ!

## 18.ਨਵਾਂ ਸਾਲ

ਰੁੱਤਾਂ ਦੇ ਬਦਲਦੇ ਗੇੜ 'ਚ

ਸਾਲਾਂ ਦੇ ਹੇਰ ਫੇਰ 'ਚ

ਇਹ ਸਾਲ ਵੀ ਆਪਣੀ ਹੋਂਦ ਨੂੰ

ਸਦੀਵੀ ਰੱਖ ਸਕਣ 'ਚ ਅਸਮੱਰਥ ਹੋ ਗਿਆ

ਤੇ ਨਵੇਂ ਮਹਿਮਾਨ ਨੇ ਕਲੰਡਰ ਡਾਇਰੀਆਂ ਨੂੰ

ਦਿਨਾਂ ਤਰੀਕਾਂ ਦੇ ਬੰਧਨ 'ਚ

ਮਹਿਨਿਆਂ ਦੇ ਮੋਹਤਾਜ਼ ਬਣਾ ਦਿੱਤਾ

ਤੇ ਮਹੀਨੇ ਪਲ ਪਲ ਜਗਦੇ ਬੁਝਦੇ

ਰੋਸ਼ਨੀਆਂ ਵੰਡਦੇ ਹਨੇਰੀਆਂ ਝਲਦੇ

ਦਿਨ-ਬ-ਦਿਨ ਕਮਜ਼ੋਰ ਪੈਂਦੇ ਗਏ

ਤੇ ਜਨਵਰੀ ਤੋਂ ਦਸੰਬਰ ਤੱਕ ਦੀ

ਉਡੀਕ 'ਚ ਰਾਤਾਂ ਨੂੰ ਜਾਗਣ ਲੱਗੇ

ਨਵੇਂ ਸਾਲ ਦੇ ਨਵੇਂ ਦਿਹੁੰ ਦੀ ਉਡੀਕ

ਦਿਲ ਦੇ ਦਰਵਾਜ਼ੇ ਖੋਹਲ ਕੇ ਕੀਤੀ ਗਈ

ਤੇ ਨਵਾਂ ਸਾਲ ਅਗਲੇ ਹੀ ਦਿਨ ਪੁਰਾਣਾ ਹੋ ਗਿਆ।

## 19. ਨਮੋਸ਼ੀ

ਦਿਲ ਦੀ ਵੀਣਾ ਗੂੰਜ ਉੱਠੀ ਇਕਦਮ,

ਟੁੱਟ ਗਈ ਚੁੱਪ ਦੀ ਬਾਰੀ ਖਾਮੋਸ਼ੀ॥

ਨੈਣਾਂ ਦੇ ਸਾਵਲ ਪਾਣੀ ਛਲਕੇ

ਪੀ ਲਈ ਰਾਤ ਨੇ ਨੀਂਦ ਦੀ ਮਦਹੋਸ਼ੀ॥

ਉੱਡਦੇ ਸੁਰਮਈ ਬੱਦਲ ਚੁੰਨੀ ਬਣੇ

ਟੁੰਬ ਗਈ ਠੰਡੀ ਰਾਤ ਦੀ ਪਰਦਾਨੋਸ਼ੀ॥

ਚੇਤਨਾ ਸੁੱਤੀ ਰਹੀ ਨਿਸਲ ਹੋ ਕੇ

ਅਚੇਤ ਮਨ ਦੀ ਟੁੱਟੀ ਨਾ ਬੇਹੋਸ਼ੀ॥

ਰੋਸ਼ਨੀ ਦੀ ਲੀਕ ਤੁਰਨ ਲੱਗੀ

ਗਵਾਚ ਗਈ ਚਾਨਣੇ 'ਚੋਂ ਗਰਮਜੋਸ਼ੀ॥

ਸ਼ਬਦਾਂ ਦੇ ਘੁੰਡ 'ਚ ਲਕੋਣ ਤੇ ਵੀ

ਬੋਲ ਪਈ ਆਪਣੇ ਹੀ ਮੂੰਹੋਂ ਖਾਮੋਸ਼ੀ॥

ਆਰਜੂ  ਮੇਰੀ ਅੱਜ ਧੁੱਪ ਬਣ ਚਮਕੀ

ਮਿੱਟ ਗਈ ਕਾਲੀ ਰਾਤ ਦੀ ਨਮੋਸ਼ੀ॥

## 20.ਦੋਸਤੀ ਦੇ ਹਰਫ਼

ਹਰਫ਼ ਕੁਝ ਭਿੱਜੇ ਰੂਹਾਂ ਦੇ ਪਾਣੀਆਂ ‘ਚ

ਲਫ਼ਜ ਕੁਝ ਡੁਬੇ ਨੈਣਾਂ ‘ਚ

ਰੰਗ ਕੁਝ ਬਿਖਰੇ ਕਾਗਜ਼ਾਂ ਤੇ

ਇਹਨਾਂ ਦਾ ਸਿਹਰਾ ਦੋਸਤੀਆਂ ਦੇ ਸਿਰ ਜਾਵੇਗਾ

ਇਹਨਾਂ ਦੀ ਹਥੇਲੀ ਤੇ ਦੋਸਤੀ ਦੇ ਦਸਤਖਤ ਹੋਣਗੇ

ਤੇ ਇਹ ਲਫ਼ਜ ਦੋਸਤਾਂ ਨੂੰ

ਕੱਚੇ ਧਾਗਿਆਂ ਦੇ ਜਾਲ ‘ਚ

ਬੰਨ੍ਹ ਜ਼ਿੰਦਗੀ ਦੇ ਸਿੱਧ ਪਧਰੇ ਰਾਹ ਵੱਲ

ਤੋਰ ਦੇਣਗੇ ਜਿਥੇ ਜਾ ਕੇ ਹਰਫ਼ਾਂ ਦੀ

ਹੋਂਦ ਗਵਾਚ ਜਾਵੇਗੀ

ਕਾਗਜ਼ਾਂ ਤੇ ਥਾਂ ਨਹੀਂ ਬਚੇਗੀ

ਤੇ ਕਲਮਾਂ ਕੋਲ ਵਿਹਲ ਨਾ

ਹੋਵੇਗੀ ਪਰ ਦੋਸਤੀ ਦੇ ਮਾਮਲੇ

ਡੂੰਘੇ ਖਲਾਅ ‘ਚ ਉਤਰ

ਗੂੰਜਦੀ ਅਵਾਜ਼ ਦੇ

ਸੰਗੀਤ ਨਾਲ ਹੋਰ ਵੀ ਪਿਆਰੇ ਲੱਗਣਗੇ॥

## 21. ਤੇਰੀ ਤਸਵੀਰ

ਤੂੰ ਨਹੀਂ ਤੇਰੀ ਤਸਵੀਰ ਤਾਂ ਕੋਲ ਏ

ਇਦੋਂ ਵਧ ਕੋਈ ਕੀ ਚਾਹੇਗਾ?

ਪਿਛਲੇ ਸਾਲ ਜਦ ਤੂੰ ਜਨਮ ਦਿਨ

ਮਨਾਉਣ ਦੇ ਮਨਸੂਬਿਆਂ ‘ਚ ਖੁੱਭੀ

ਤੈਨੂੰ ਚੇਤਾ ਵੀ ਨਹੀਂ ਆਇਆ ਹੋਵੇਗਾ ਕਿ

1994 ‘ਚ ਤੇਰੇ ਜਨਮ ਦਿਨ ਦੀ

ਖੁਸ਼ੀ ‘ਚ ਸ਼ਾਮਲ ਹੋਣ ਲਈ

ਤੱਕਣ ਲਈ ਓਸ ਘੜੀ

ਜਦ ਤੂੰ ਇਸ ਧਰਤ ਸੁਹਾਵੀ ਤੇ

ਆਪਣੇ ਬੋਲਾਂ ਨਾਲ ਸੁਰ ਛੇੜੇ ਸਨ

ਸੁਨਣ ਲਈ ਉਹ ਭਿਜਿਆਂ ਭੋਲਾਂ ਦਾ

ਸੰਗੀਤ ਤੇ ਧੁਰ ਅੰਦਰ ਲਹਿੰਦੀ ਲੈਅ-ਬੱਧਤਾ

ਸੁਨਣ ਲਈ ਉਲਝਨਾਂ ਦੇ ਰੁਝੇਵਿਆਂ ਦੀ

ਦਾਸਤਾਨ -ਏ-ਮੁੱਹਬਤ ਮੇਰੇ ਕੰਨਾਂ ਦਾ

ਏਨਾ ਨਸੀਬ ਹੋਵੇਗਾ ਮੇਰੇ ਹਰਫ਼ਾਂ ਦੀ ਏਨੀ ਤਕਦੀਰ ਹੋਵੇਗੀ

ਕਿ ਉਹ ਤੇਰੀ ਸੂਹੀ ਸਵੇਰ ਨੂੰ

ਤੇਰੀ ਸਰਦਲ ਦਾ ਸ਼ਿੰਗਾਰ

ਬਨਣ ਦਾ ਮਾਨ ਹਾਸਲ ਕਰਨਗੇ।

## 22.ਝੀਲ ਵਰਗੇ ਨੈਣ

ਫਿਜ਼ਾ ਦੀ ਗਰਮੀ

ਚਿਹਰੇ ਦੇ ਰੰਗ ਬਦਲਾ ਗਈ

ਚਾਹਤ ਦੇ ਨਕਸ਼ਾਂ ਤੇ

ਇੱਕ ਰੰਗਤ ਨਵੇਂ ਨੂਰ ਦੀ ਛਾ ਗਈ

ਝੀਲਾਂ ਦੇ ਕੰਢੇ ਹੰਸਾਂ ਦੀ

ਢਾਰ ਚੋਗਾ ਛੱਡ ਕੇ ਆ ਗਈ

ਰੁੱਖਾਂ ਦੀ ਛਾਂ ਧੁੱਪਾਂ ਰੋਕੇ

ਛਾਂ ਤੇਰੀਆਂ ਪਲਕਾਂ ਦੀ

ਦੁਨੀਆਂ  ਤੋਂ ਮੁਹੱਬਤ ਲੁਕਾ ਗਈ

ਪੀ ਪੀ ਕੇ ਰੰਗ ਦੇ ਪਿਆਲੇ

ਹੋਸ਼ਾਂ ਵਾਲਿਆਂ ਨੂੰ

ਮਦਹੋਸ਼ੀ ਦੇ ਜਾਮ ਫੜਾ

ਝੀਲ ਤੇਰੇ ਨੈਣਾਂ ਦੀ ਸੁਪਨਿਆਂ

‘ਚ ਰੰਗ ਖਿੰਡਾ ਗਈ

ਰੁਕੇ ਰੁਕੇ ਹਥਾਂ ਦੇ ਗਵਾਚੇ ਹਰਫਾਂ ਨੂੰ

ਵਿਸ਼ੇ ਸਜਰੇ ਕਾਗਜ਼ਾਂ ਦੀ ਝੋਲੀ‘ਚ ਪਾ ਗਈ

ਦੇਖ ਕੇ ਅੰਬਰ ਤੇ ਤਾਰਾ ਨਿਵੇਕਲਾ

ਆਥਣ ਵੇਲੇ ਯਾਦ ਤੇਰੀ

ਮੱਲੋ ਮੱਲੀ ਦਿਲ ਦਾ ਦਰਵਾਜ਼ਾ ਖੜਕਾ ਗਈ

ਉਡੀਕ ’ਚ ਸਵੇਰ ਦੀ

ਥੱਕੀਆਂ ਅੱਖੀਆਂ ਨੂੰ ਨੀਂਦ ਧਮਕਾ ਗਈ

ਮੋਹ ਦੀ ਛਿੱਟ ਸੁੱਤੇ ਚਿਹਰਿਆਂ ਤੇ

ਰੌਣਕ ਫਿਰ ਤੋਂ ਖਿੰਡਾ ਗਈ,

ਲਾਈਨਾਂ ‘ਚ ਲੁੱਕੇ ਪਿਆਰ ਦੀ

ਸਮਝ ਦਿਲਾਂ ਨੂੰ ਜਦ ਆਈ

ਤਦ ਤੋਂ ਯਾਦ ਤੇਰੀ ਲਾਈਨਾਂ ਮਾਰ

ਧਰਵਾਸ ਦੇਣ ਦੀ ਆਦਤ ਸਿਖਾ ਗਈ

ਗੱਲ ਅੱਜ ਦੀ ਕਰਾਂ ਜਾਂ ਕਲ੍ਹ ਦੀ

ਲੋਅ ਆਥਣੇ ਦੀ

ਫਰਕ ਅੱਜ ਕਲ੍ਹ ਦਾ ਮਿਟਾ ਗਈ

ਹਰਫ਼ਾਂ ਦਾ ਪ੍ਰਛਾਵਾਂ ਸੀ ਜਿੰਨਾਂ

ਨੈਣਾਂ ‘ਚ ਝਲਕਦਾ

ਨੈਣ ਤੇਰੇ ਦੇਖ ਯਾਦ

ਛਲਕਦੇ ਨੈਣਾਂ ਦੀ ਆ ਗਈ

ਮੁੱਖ ਤੇ ਸੀ ਸ਼ਿਕਵਿਆਂ ਦਾ ਮੇਕਅਪ

ਰੀਝਾਂ ਨੂੰ ਸੁਨਹਿਰੀ ਚੁੰਨੀ ਝੁਕਾ ਗਈ

ਪੀੜ ਦਾ ਕੰਢਾ ਕੱਢਦੀ

ਜ਼ਿੰਦਗੀ ਹਾਸਿਆਂ ਦੀ ਸੂਈ

ਪੋਟਿਆਂ ‘ਚ ਖੁਭਾ ਗਈ

ਮੁੱਹਬਤ ਦੀ ਟਪਕੀ ਬੂੰਦ ਪੋਟੇ ‘ਚੋਂ

ਮਨ ਦੇ ਸਫੈਦ ਕੈਨਵਸ ਤੇ

ਅਦਿੱਖ ਜਿਹਾ ਸਦੀਵੀ ਚਿੱਤਰ ਬਣਾ ਗਈ

ਦੇਖ ਦੇਖ ਬੋਚ ਬੋਚ ਚਲਦੀ ਹਵਾ ਨੂੰ

ਹਾਲਾਤਾਂ ਦੀ ਹਨੇਰੀ ਦੌੜਾ ਗਈ

ਰੜਕ ਨੈਣਾਂ ‘ਚ ਪਵੇ ਰਿਸ਼ਤਿਆਂ ਦੀ

ਹੰਝੂਆਂ ਦੀ ਦਵਾ

ਰੜਕਾਂ ਮਿਟਾਉਣ ਦੇ ਕੰਮ ਆ ਗਈ

ਜਿਉਂਦੀ ਜਾਗਦੀ ਅੱਗ ਮੁਹਬਤ

ਇੱਕ ਰਿਸ਼ਤਿਆਂ ਦੇ ਪਰਦੇ ਪਿੱਛੇ ਆਪਾ ਸਮੇਟ ਕੇ

ਦੁਨੀਆਂ ਨੂੰ ਸਬਕ ਸਿਖਾ ਗਈ

ਆਸਮਾਨ ਵੱਲ ਤੱਕ ਕੇ

ਯਾਦ ਤੇਰੀ ਕਲਮ ਹੱਥ ‘ਚ ਫੜਾ ਗਈ

ਨੀ ਅੜੀਏ ਨੀ ਭੋਲੀਏ

ਦੇਣ ਲਈ ਮੁਬਾਰਕਾਂ

ਜਨਮ ਦਿਨ ਤੇ ਸੰਝ ਹੱਥਾਂ

ਤੇ ਮਹਿੰਦੀ ਲਾ ਕੇ ਆ ਗਈ

ਸੱਚੀ! ਮੁਬਾਰਕਾਂ ਲੱਦੀ ਚਾਨਣੀ

ਰਾਤ ਆ ਗਈ।

## 23. ਪਿਆਸ ਦੇ ਹੋਂਠ

ਮਹਿਕ ਜਿਹੀ ਉੱਠੀ ਆਲੇ ਦੁਆਲਿਓ

ਖੁਸ਼ਬੋ ਜਿਹੀ ਖਿੰਦ ਗਈ ਸਾਹਾਂ ‘ਚ

ਤੇਜ਼ੀ ਜਿਹੀ ਆ ਗਈ ਬਦਨ’ਚ

ਸੋਚਾਂ ਦੇ ਅਲਾਰਮ

ਤੇਰੀ ਯਾਦ ਦਾ ਸਵੇਰਾ ਲੈ

ਜ਼ਿਹਨ ਮੱਲ ਬੈਠੇ

ਅੱਖਰਾਂ ਨੂੰ ਸੁੱਧ ਬੁੱਧ ਨਾ ਰਹੀ

ਚੰਨ ਨੂੰ ਨੇੜਤਾ ਮਾਫ਼ਕ ਨਾ ਆਈ

ਤਾਰਿਆਂ ਨੂੰ ਡੁੱਬਣਾ ਚੰਗਾ ਲਗਿਆ

ਪਾਣੀ ‘ਚ ਹਿਲਦੇ ਪ੍ਰਕਾਸ਼ ਨੂੰ

ਤੱਕਦਾ ਚਿਹਰਾ ਗਿਣਤੀਆਂ ਦੇ ਭਰਮ ਨੂੰ

ਪਾਲਦਾ ਰਿਹਾ ਜੇ ਕੁਝ

ਨਹੀਂ ਸੀ ਬਦਲਿਆਂ ਤਾਂ ਮੋਹ ਦਾ

ਨਿਰਛਲ ਪਾਣੀ ਅੱਖਾਂ ਦੇ ਕੋਇਆਂ ‘ਚ

ਉਵੇਂ ਭਰਿਆਂ ਰਿਹਾ

ਚਮਕਦਾ ਰਿਹਾ ਲਿਸ਼ਕਦਾ ਰਿਹਾ

ਤੇ ਪਿਆਸ ਦੇ ਹੋਠਾਂ ਤੀਕ

ਅਪੜਣ ਲਈ ਤੜਪਦਾ ਰਿਹਾ।

## 24.ਦੋ ਸੁਪਨੇ

ਨਾਮ ਇੱਕੋ ਲਿਖਿਆ

ਮੇਰੀਆਂ ਯਾਦਾਂ ਦੀਆਂ ਡਾਈਰੀਆਂ ਤੇ

ਬੀਜ ਇੱਕੋ ਪੁੰਗਰਿਆਂ

ਮੇਰੇ ਸਾਹਾਂ ਦੇ ਖੇਤ ‘ਚ

ਫੁੱਲ ਇੱਕੋ ਖਿੜਿਆਂ

ਮੇਰੀ ਮੁੱਹਬਤ ਦੇ ਬਾਗ ‘ਚ

ਰੀਝ ਇਕੋ ਹੀ ਤਰਦੀ ਐ

ਤੇਰੇ ਨੈਣਾਂ ਦੀ ਝੀਲ ‘ਚ

ਪੰਛੀ ਇੱਕੋ ਹੀ ਉੱਡਦੈ

ਮੇਰੀ ਹਯਾਤ ਦੇ ਅੰਬਰਾਂ ਤੇ

ਪਰ ਸੁਪਨੇ ਦੋ ਮੇਰੀਆਂ ਰਾਤਾਂ

ਦੀਆਂ ਨੀਦਾਂ ਤੇ ਪਹਿਰਾ ਦਿੰਦੇ ਨੇ

ਇੱਕ ਤੇਰੇ ਹੋਣ ਦਾ ਸੁਪਨਾ

ਦੂਜਾ ਤੈਨੂੰ ਅਪਣਾਉਣ ਦਾ ਸੁਪਨਾ।

## 25. ਜ਼ਿੰਦਗੀ ਦੇ ਰੰਗ

ਪਲ ਪਲ ਜਾਗਦੇ ਸੌਂਦੇ

ਤੱਕਦੇ ਸੁਪਨਿਆਂ ਨੂੰ

ਬੇਗਾਨਗੀ ਨਾਲ ਪੜਦਿਆਂ

ਚਿਹਰਿਆਂ ਤੀਕ ਪਹੁੰਚਦਿਆਂ

ਕਦਮਾਂ ‘ਚ ਹਿੰਮਤ

ਭਰਦੀ ਮਨ ਦੀ ਤਰਾਸਦੀ

ਸੁਪਨਿਆਂ ਦੇ ਸੁਨਹਿਰੀ ਰੰਗ

ਨੂੰ ਜ਼ਿੰਦਗੀ ਦੇ ਰੰਗ

ਤੋਂ ਨਿਵੇਕਲਾ ਹੀ ਰਖਦੀ ਰਹੀ।

## 26.ਹਾਸਾ ਤੇਰਾ

ਹਾਸਾ ਤੇਰਾ ਸਜਰੀ  ਮਹਿਕ ਸੌਂਫ ਦੀ

ਸਾਡੇ ਸਾਹਾ ਦੀ ਤਲੀ ਤੇ ਧਰ ਜਾ

ਬੋਲ ਤੇਰੇ ਦਿਲ ਖਿਚਵੇਂ ਦਿਲ ਲੁਭਾਉਣੇ

ਸੁੱਚੇ ਹਰਫ਼ਾਂ ਦੀ ਨਦੀ ਜਿਉਂ ਤਰਦਾ

ਮੁੱਖ ਤੇਰੇ ਦਾ ਚਾਨਣ ਤੱਕ ਲੱਗੇ

ਚੰਨ ਪੁੰਨਿਆਂ ਦਾ ਅੰਬਰ ਚੜ੍ਹਦਾ

ਰੀਝ ਸਾਡੀ ਮੰਜ਼ਿਲ ਤੀਕ ਅਪੜਣ ਦੀ

ਹਮਸਫ਼ਰ ਬਨਣ ਦਾ ਕੇਰਾਂ ਵਾਅਦਾ ਕਰ ਜਾ।

## 27. ਸ਼ਬਦ ਤੇ ਜੁਗਨੂੰ

ਕੌਣ ਭਰੇ ਮੇਰੇ ਸੁਪਨਿਆਂ ਦਾ ਹਰਜਾਨਾ

ਕੌਣ ਡੱਕੇ ਮੇਰੇ ਹੰਝੂਆਂ ਦਾ ਖਾਲ

ਸੋਨ ਕਿਰਨ ਦੀ ਅਣਹੋਂਦ

ਚੰਨ ਚਾਨਣੀ ਗਈ ਗਵਾਚ

ਜਗਦੇ ਬੁਝਦੇ ਲੈਂਪ ਚਮਕਦੇ

ਹਰ ਵੇਲੇ ਹਰ ਦਮ ਸਾਹਾਂ ਸੰਗ ਸਾਹ ਭਰਦੇ

ਚਾਨਣ ਵੰਡਦੇ ਰੋਸ਼ਨੀ ਕਰਦੇ

ਪਰ ਕਲਮ ਲਈ ਵਰਕਿਆਂ ਤੇ

ਜੁਗਨੂੰ ਬਣ ਤਾਰਿਆਂ ਵਾਂਗ ਰਾਤਾਂ ਨੂੰ

ਨਾ ਲੈਂਪ ਜਗਦੇ

ਸ਼ਬਦਾਂ ਦੀ ਬਦਲੋਟੀ ਪਿਛੋਂ

ਝਾਤੀਆਂ ਭਰਦੇ ਚੰਨ ਵਾਂਗੂ

ਆਹਾਂ ਨਾ ਭਰ ਸਕਦੇ

ਹਾਂ ਪਰ ਚਾਨਣ ਬਥੇਰਾ ਵੰਡਦੇ

ਨਾ ਉਡੀਕ ਦਾ ਖੰਭਾ ਟੁੱਟੇ

ਨਾ ਮੱਸਿਆ ਦੇ ਦਿਸਣ ਹਨੇਰੇ

ਫਿਰ ਵੀ ਚਾਨਣ ਲਦੇ ਲੈਂਪਾਂ ਨਾਲੋਂ

ਮੱਸਿਆ ਦੇ ਚੰਨ ਹਨੇਰੇ

ਜਾਪਣ ਮੇਰੀ ਸੋਚ ਦੇ ਰਖਵਾਲੇ

ਨੀਂਦ ਮੇਰੀ ਨੂੰ ਖੰਭ ਲਾਵਣ ਵਾਲੇ

ਯਾਦਾਂ ਦੇ ਜੁਗਨੂੰ ਬਣ

ਰੁਸ਼ਨਾਵਣ ਦਿਲ ਦਾ ਅੰਬਰ

ਇਹ ਚੰਨ ਤਾਰੇ

ਉਹ ਚੰਨ ਤਾਰੇ।

## 28.ਤੇਰੀ ਆਗੋਸ਼

ਆਗੋਸ ‘ਚ ਤੇਰੀ ਅਤੀਤ ਤੋਂ ਦੂਰ

ਯਾਦਾਂ ਤੋਂ ਲਾਂਭੇ

ਸ਼ਮੇਟ ਕੇ ਵਜੂਦ ਭੱਵਿਕ ਖਾਤਰ

ਨਵੀਂ ਜ਼ਿੰਦਗੀ ਦੇ ਨਵੇਂ ਰਸਤਿਆਂ

ਤੇ ਚਲਣਾ ਕਦਮ ਦਰ ਕਦਮ

ਬਦਲਣਾ ਮਨ ਨੂੰ

ਪਾਣੀ ਫੇਰਨਾ ਸੁਪਨਿਆਂ ਦੀ ਕੈਨਵਸ ਤੇ

ਰਲਾ ਦੇਣਾ ਤੇਰੇ ਨਾਮ ਦੀ ਮਿੱਟੀ ਦੇ ਕਣਾਂ ‘ਚ

ਅਗੋਸ਼ ‘ਚ ਤੇਰੀ ਨਿਕਲ ਕੇ

ਜ਼ਿੰਦਗੀ ਦੇ ਹਕੀਕੀ ਪਰਦੇ ਦੀ

ਆਗੋਸ਼ ‘ਚ ਆ ਬੈਠੀ

ਯਾਦਾਂ ਦੀ ਪੋਟਲੀ ਕੱਛ ‘ਚ ਦੇ

ਰਿਸ਼ਤਿਆਂ ਦੀ ਸੜਕ ਤੇ ਨੰਗੇ ਪੈਰੀਂ ਤੁਰਨਾ

ਬੇਅਵਾਜ਼ ਬੇਕਦਮ ਬੇਇਰਾਦਾ।

## 29. ਉਲਝੇ ਧਾਗੇ

ਧਾਗਿਆਂ ਦੀ ਉਲਝਣ ‘ਚ

ਵਲੇਟ ਕੇ ਸਧਰਾਂ ਨੂੰ

ਨਿੱਤ ਨਵੇਂ ਰੰਗ ‘ਚ ਰੰਗਦੀ

ਬੱਦਲਾਂ ਦੇ ਹਾਣੀਆਂ ਤੋਂ ਔੜਾਂ ਮੰਗਦੀ

ਬ੍ਰਿਹੋਂ ਧੁੱਪ ‘ਚ ਸੁੱਕਦੀ

ਯਾਦਾਂ ਦੇ ਚੰਨ ਸਰਾਹਣੇ

ਆਥਣ ਵੇਲੇ ਜਾਣ ਖੜ੍ਹਦੀ।

## 30. ਸੁਪਨੇ

ਮੌਤ ਜਾ ਸੜਕ ਦਾ ਹਾਦਸਾ

ਕਤਲ ਜਾਂ ਖੁਦਕਸ਼ੀ ਦਾ ਜੁਰਮ

ਮੁੱਕਦਰ ਜਾ ਖਾਲੀ ਹੱਥੀਂ ਤੁਰਨਾ

ਕਿਤੇ ਸੁਪਨਿਆਂ ਦੇ ਅੰਬਰ ਦੇ

ਚਾਨਣ ਮੁਨਾਰੇ ਸਨ

ਕਿਥੇ ਸੁਪਨਿਆਂ ਤੋਂ ਵਰਜੇ ਨੈਣ-ਸੀਸ਼ੇ

ਮੌਤ ,ਕਤਲ ਜਾ ਮੁੱਕਦਰ

ਸੁਪਨਿਆਂ ਦੇ ਹਿੱਸੇ ਵੀ ਆਇਆ ਹੈ।

## 31. ਕਿਸਮਤ ਦੇ ਪਾਣੀ

ਪੁੰਨਿਆ ਕਿਸ ਘੜੀ ਦਾ ਇੰਤਜ਼ਾਰ ਕਰੇ,

ਪੁੰਨਿਆ ਕਿਸ ਪਲ ਦਾ ਰਾਹ ਤੱਕੇ

ਵਗਦੇ ਪਾਣੀ ਵਗਦੇ ਵਗਦੇ

ਆਪ ਮੁਹਾਰੇ ਬੇਅਟਕ ਹੁੰਦੇ ਗਏ

ਨੈਣਾਂ ਦਾ ਸਮੁੰਦਰ ਅਟਕਾ ਨਾ ਸਕਿਆ

ਪਾਣੀਆਂ ਦੀ ਹੋਂਦ ਨੂੰ

ਵਹਿ ਤੁਰੇ ਪਾਣੀ ਫਿਰ ਚਸ਼ਮਿਆਂ

ਦੇ ਸੰਗੀਤ 'ਚ ਆਪਾ ਨਿਚੋੜਣ

ਤੇ ਸੁਨਣ ਲਈ ਸਕੂਨ ਵਰਗੇ ਗੀਤ

ਵੱਗ ਤੁਰੇ ਪਾਣੀ ਪੱਥਰਾਂ ਦੇ ਉਤੋਂ ਦੀ

ਮਿੱਟੀ ਦੇ ਉਤੋਂ ਦੀ

ਸੁਪਨਿਆਂ ਦੇ ਉਤੋਂ ਦੀ

ਵਗ ਤੁਰਿਆ ਤਾਰਿਆਂ ਦੀ ਛਾਵੇਂ

ਚੰਨ ਦੇ ਆਸਰੇ

ਪਾਣੀ ਸੁਨਹਿਰੀ ਭਾਅ ਨੂੰ

ਕਿਸਮਤ ਨੂੰ ਸਮਝਦਾ ਸਮੁੰਦਰ ਨੂੰ ਪਾਰਾ ਆਖਦਾ

ਤੇ ਸ਼ਹਿਰ ਦੀ ਸੰਘਣੀ ਆਬਾਦੀ ਨੂੰ ਢਾਹ ਲਾਉਂਦਾ

ਅਰਮਾਨਾਂ , ਰੀਝਾਂ , ਸਧਰਾਂ ਦੇ ਮਕਾਨ ਢਾਹੁੰਦਾ

ਰਸਮਾਂ ਦੀਆਂ ਟੈਕੀਆਂ ‘ਚ ਆਪਾ ਸਮਾਉਂਦਾ

ਬੱਸ ਪਾਣੀ ਵਿਚਾਰਾ ਵੀ

ਸਮਾਜ ਦੇ ਕਾਬੂ ਹੇਠ ਆ ਗਿਆ

ਅੱਜ ਆਪ ਮੁਹਾਰਾਪਣ ਵਾਰ ਕੇ

ਪਾਣੀ ਨੀਵੇਂ ਵੱਲ ਨੂੰ ਵਹਿ ਤੁਰਿਆ।

## 32. ਜ਼ਿੰਦਗੀ ਦੇ ਹੋਂਠ

ਪੀਣ ਦੇ ਲਈ ਘੁੱਟ ਲਪਕਿਆ

ਅਹਿਸਾਸਾਂ ਦੇ ਗਿਲਾਸ ਤੀਕ ਉਲਝਣਾਂ ‘ਚ

ਵਲੇਟਿਆ ਹੱਥ ਚੀਰੇ ਗਏ ਪੋਟੇ ਬੇਬਸੀ ਦੇ

ਕੱਚ ਨਾਲ ਤੇ ਜ਼ਿੰਦਗੀ ਤੋਂ ਪਰ੍ਹਾਂ ਦੀ

ਸ਼ੈਅ ਦੀ ਮਸਤੀ ਓਸ ਹੋਠਾਂ ਨਾਲ

ਦਵਾ ਬਣਾ ਲਾ ਲਈ।

## 33. ਮੌਸਮ

ਮੇਰੇ ਕੰਬਦੇ ਹੱਥਾਂ ਤੇ ਲੀਕਾਂ ਰੰਗ ਵਟਾ ਕੇ

ਤੁਰੀਆਂ ਇੱਕ ਦੂਜੇ ਦੇ ਰਾਹ ‘ਚ ਅੜੀਆਂ

ਨਵੀਆਂ ਪੰਗਡੰਡੀਆਂ ਤੁਰੀਆਂ

ਪਰ ਕਿਸਮਤ ਦੀ ਰੇਖਾ ਜੁਦਾਈ ਦਾ ਕਾਲਾ

ਤਿਲ ਆਪਣੀ ਸੁਰਖ ਗਲ ਦਾ

ਸ਼ਿੰਗਾਰ ਸਮਝਦੀ ਦਿਲ ਨੂੰ ਵਰਚਾਉਂਦੀ ਰਹੀ

ਦਰਦ ਦੇ ਛਿੱਟੇ

ਮਨ ਦੇ ਪਾਣੀਆਂ ਨੂੰ ਜਗਾ ਗਏ

ਸਿੰਮਦੇ ਲਹੂ ਨੇ ਰਾਤਾਂ ਦਾ ਹਿਸਾਬ

ਮਜਬੂਰੀ ਦਾ ਗੂਠਾ ਲਵਾ

ਗਹਿਣੇ ਪਾ ਦਿੱਤਾ

ਤੇ ਦਿਲ ਤੇ ਸਰਦ ਯਾਦਾਂ ਦਾ ਮੀਂਹ

ਵਰ੍ਹਦਾ ਰਿਹਾ

ਸਰਦ ਮੌਸਮ ਦੀ ਆਮਦ ਤੋਂ ਪਹਿਲਾਂ ਵੀ,

ਸਰਦ ਮੌਸਮ ਦੀ ਆਮਦ ਤੋਂ ਬਾਅਦ ਵੀ।

## 34. ਬੇਬਸ ਮੌਸਮ

ਹਰ ਪਲ ਜ਼ਿੰਦਗੀ ਨੂੰ ਜਿਉਣਾ ਚਾਹੁੰਦੈ ਜੋ,

ਓਸ ਮੌਤ ਨੂੰ ਕਿੰਨੀ ਕਰੀਬ ਤੋਂ ਪੜਿਆ ਹੋਵੇਗਾ।

ਕਿੰਨਾ ਬੇਬਸ ਹੋ ਗਿਆ ਜਖਮਾਂ ਤੋਂ,

ਜਿਹਨੇ ਮੁਹੱਬਤ ਦਾ ਨਾ ਰੋਗ ਧਰਿਆ ਹੋਵੇਗਾ।

ਬੇਇਲਾਜ ਮਰ ਗਿਆ ਕੋਈ ਮਾਸ਼ੂਕ ਦੀ ਕਬਰ ਤੇ,

ਤਦੇ ਇਸ਼ਕ ਨੂੰ ਨਾਮੁਰਾਦ ਕਿਹਾ ਹੋਵੇਗਾ।

ਅੰਨ੍ਹਾ ਹੋ ਗਿਆ ਜੋ ਤੱਕ ਕੇ ਬਲਦੇ ਦੀਵੇ,

ਉਸੇ ਨੇ ਜੋਤਾਂ ਨੂੰ ਨਸ਼ੇ ਦੇ ਪਿਆਲੇ ਕਿਹਾ ਹੋਵੇਗਾ।

ਡੀਕ ਲਾ ਕੇ ਨਾ ਪੀਣੀ ਨਸੀਬ ਹੋਈ,

ਤਾਂ ਹੀ ਬੋਤਲ ਨੂੰ ਗਿਲਾਸ ‘ਚ ਉਲਟਾ ਕੇ ਪਾ ਲਿਆ ਹੋਵੇਗਾ।

ਮੁਹੱਬਤ ਹੈ ਬੇਬਸ ਬੇਇਲਾਜ ਰੋਗ,

ਇਹਦੀ ਦਵਾ ਮਹਿਬੂਬ ਦੇ ਨੈਣਾਂ ‘ਚੋਂ ਡੁੱਲ੍ਹਦੀ।

ਤੱਕ ਬੇਝਿਜਕ ਹੀ ਰੋਗ ਸਹੇੜ ਲਿਆ ਹੋਵੇਗਾ।

ਦਰਦ ਦੇ ਅਹਿਸਾਸ ਤੋਂ ਸੱਖਣਾ ਸੀ ਓਹਦਾ ਦਿਲ

ਤਾਂ ਹੀ ਮੁਹੱਬਤ ਨੂੰ ਖੇਡ ਸਮਝ ਲਿਆ ਹੋਵੇਗਾ।

ਕਸਿਆ ਜਦ ਨਾੜਾਂ ਤੇ ਚੀਸਾਂ ਨੇ ਇੱਕਠੀਆਂ

ਓਸੇ ਪਲ ਭੁਲ ਆਪਣੀ ਦਾ

ਅਹਿਸਾਸ ਵੀ ਦਰਦ ਦੇ ਨਾਲ ਸਹਿ ਗਿਆ ਹੋਵੇਗਾ।

## 35. ਯਾਦਾਂ ਦਾ ਮਕਬਰਾ

ਯਾਦਾ ਦੇ ਮਕਬਰੇ ਤੇ  ਰੂਹ ਕੋਈ ਫੁੱਲ ਚੜਾਉਣ

ਤੋਂ ਝਿਜਕਦੀ

ਜੰਗਲ ਬੀਆਬਾਨ ਰੁੱਖ ਥੱਲੇ

ਰੀਝਾਂ ਦੀ ਮੜ੍ਹੀ

ਦੀਵੇ ਦੀ ਲੋਅ ਤੋਂ ਸੱਖਣੀ

ਮਕਬਰੇ ਵਾਂਗ ਹੀ ਸੰਤਾਪ ਭੋਗਦੀ

ਲੋਆਂ ਨੂੰ ਉਡੀਕਦੀ

ਇੱਕ ਬੇਵਜ਼ਾ ਯਾਦ ਆਉਣ ਵਾਲੀ

ਦਾਸਤਾਨ ਬਣ ਗਈ।

## 36. ਤੁਕਬੰਦੀ

ਕਹਿਣ ਤੇ ਤੇਰੇ ਅੱਜ ਮੈਂ

ਤੁਕਬੰਦੀ ਕੀਤੀ

ਤੇਰੀਆਂ ਗੱਲਾਂ ਨੂੰ ਕਵਿਤਾ ਦਾ ਰੂਪ ਦਿੱਤਾ

ਤੇਰੀਆਂ ਅੱਖਾਂ ਨੂੰ ਸ਼ਰਾਬ ਕਿਹਾ

ਤੇ ਤੈਨੂੰ ਉਮੀਦਾਂ ਦਾ ਸਿਤਾਰਾ

ਕਿਉਂਕਿ ਸੂਰਜ ਦੀ ਤਪਸ਼

ਸਮਾਜ ਦਾ ਪਿੰਡਾ ਝੁਲਸਣ ਲੱਗ ਪਈ ਹੈ।

## 37.ਨੂਰ

## (ਨੰਦ ਲਾਲ ਨੂਰਪੁਰੀ ਲਈ)

ਰੁਲ ਗਿਆ ਗੀਤਾਂ ਦਾ ਨੂਰ

ਡੀਕ ਗਏ ਪਾਣੀ ਜਿਸਮਾਂ ਦਾ ਨੂਰ

ਮੁੱਕ ਗਏ ਮਸਲੇ ਰੋਟੀ ਦੇ

ਮਿਲ ਗਏ ਐਵਾਰਡ

ਸੁੱਕੇ ਪੰਨਿਆਂ ਦੇ

ਆਟੇ ਨੂੰ ਉਡੀਕਦੀ  ਮਾਂ ਨੂੰ

ਮਿਲ ਗਏ ਤੋਹਫ਼ੇ ਕੇਲਿਆਂ ਦੇ

ਵੇਚ ਦਿੱਤਾ ਹੁਨਰ

ਫਿਲਮੀ ਮੇਲਿਆਂ ਤੇ

ਵੇਚਣ ਨਾਲ ਸੋਚਾਂ ਤਾਂ ਨਹੀਂ

ਵੇਚੀਆਂ ਜਾਣਗੀਆਂ

ਅਤੀਤ ਦੇ ਹਨੇਰੇ ਨੂੰ

ਸੂਰਜ ਨਹੀਂ ਦਿਖਾਇਆ ਜਾਂਦਾ

ਹਾਂ ਗੀਤਾਂ ਦੀਆਂ ਤੁਕਾਂ

ਦੇ ਅਰਥ ਜ਼ਰੂਰ ਬਦਲੇ ਜਾ ਸਕਦੇ ਨੇ।

## 38.ਅਪਣੱਤ ਤੇ ਦੀਵਾਨਗੀ

ਦੀਵਾਨਗੀ ਭਰਿਆ ਮਾਹੌਲ

ਖਲੂਸ ਲੱਦੇ ਪਲ਼

ਖ਼ਾਮੋਸ਼ੀਆਂ ਭਰਿਆ ਵਾਤਾਵਰਣ

'ਮੇਰੇ' ਤੇ ਖੁਸ਼ੀ ਵਿਚਕਾਰ

ਇੱਕ ਦੀਵਾਰ 'ਤੇਰੀ'

ਜਿਹੜੀ ਖੁਸ਼ੀ ਤੀਕ ਅਪੜਣ ਲਈ ਪਾਰ ਕਰਨੀ

ਪਵੇਗੀ, ਸਬਰ ਇੱਕ ਤੋਹਫ਼ਾ

ਜਿਹੜਾ ਤੇਰੀ ਨਿਸ਼ਾਨੀ ਵਾਂਗੂ ਸੀਨੇ ਲਾਇਆ

ਤੇ ਅਪਣਤ ਦਾ ਵਿਛੌਣਾ

ਜ਼ਿੰਦਗੀ ਦੇ ਮੰਜੇ ਵਿਛਾਇਆ

ਜਿਉਂ ਸਧਰਾਂ ਤੇ ਓਪਰਾ ਜਿਹਾ

ਲੇਪ ਚੜਾਇਆ

ਤੇ ਅੱਖਰਾਂ ਦਾ ਸ਼ਿੰਗਾਰ

ਬਸ ਰੂਹ ਨੂੰ ਭਾਇਆ

ਅੱਖਰਾਂ ਦੀ ਸਿਆਹੀ ਚੂਸ ਲਏ

ਜਨੂੰਨ ਦੇ ਰੰਗ

ਦਿਲ ਦੇ ਕੋਰੇ

ਪੰਨਿਆਂ ਤੇ ਸਮਾਜ

ਇਬਾਰਤ ਲਿਖਣ ਲਈ

ਕਲਮ ਘੜ ਲਵੇਗਾ

ਪਰ ਸ਼ਬਦਾਂ ਦੇ ਤੋਹਫ਼ੇ

ਤਾਂ ਦਿਲਦਾਰ ਬਿਨਾਂ ਕਿਤੋਂ ਨਹੀਂ ਲੱਭਣੇ

ਭਾਵੇਂ ਲੱਖ ਇਨਸਾਈਕਲੋਪੀਡੀਏ ਯਾਦ ਕਰ ਲਵੇ।

## 39. ਦੀਵਾਲੀ ਤੇਰੇ ਸ਼ਹਿਰ ਦੀ

ਹਨੇਰੇ  ਚੀਰਦੀ ਚੰਗਿਆਰੀ

ਭਰ ਬੁੱਕਲ 'ਚ ਅਰਮਾਨਾਂ ਦੀ ਅੱਗ

ਖਿੜ ਪਈ ਅੰਬਰ ਦੀ ਝੋਲੀ

ਪਰ ਪੰਡ ਗਮਾਂ ਦੀ  ਮਨ ਨੇ ਕਸ ਕੇ ਗੰਢਾਂ

ਅੰਦਰਲੀ ਕੋਠੀ ਜਾ ਸੁੱਟੀ

ਤੇ ਦੀਵੇ ਨੂੰ

ਧਰ ਕੇ ਤਲੀ ਤੇ ਲੋਅ ਚੁਫੇਰੀ ਤੱਕੀ

ਬੱਸ ਇਉਂ ਦੀਵਾਲੀ ਤੇ ਸ਼ਹਿਰ ਮੈਂ ਜਗਦੀ ਤੱਕੀ

ਇਉਂ ਦੀਵਾਲੀ ਤੇਰੇ ਪਿੰਡ ਮੈਂ ਬਲਦੀ ਤੱਕੀ।

## 40. ਦੀਵਾਲੀ ਯਾਦਾਂ ਦੀ

ਕੁਝ ਕੁ ਸਨ ਦੀਵੇ ਤੇਰੀਆਂ ਯਾਦਾਂ ਦੇ

ਕੁਝ ਕੁ ਸਨ ਮੋਮਬੱਤੀਆਂ ਤੇਰੀ ਮੁਹੱਬਤ ਚ'

ਪਿਘਲੇ ਅਰਮਾਨਾਂ ਦੀਆਂ

ਉੱਚੇ ਸਨ ਬਨੇਰੇ ਹਕੀਕਤ ਦੇ

ਜਖਮੀ ਸਨ ਹੱਥ ਰੂਹ ਦੇ

ਫਿਰ ਵੀ ਸੁਪਨਿਆਂ ਦਾ ਤੇਲ ਪਾ ਅਸੀਂ ਮੁਹੱਬਤ

ਦੀ ਦੀਵਾਲੀ ਮਨਾਉਣ ਦੀ ਰੀਤ ਤੋਰ ਦਿੱਤੀ।

## 41.ਸੰਗੀਤ

ਲੁਕਦੇ ਫਿਰਦੇ ਨੇ ਗੀਤ ਛਣ ਛਣ ਓਹਲੇ

ਛਪਦੇ ਫਿਰਦੇ ਨੇ ਰੰਗ ਵੰਗਾਂ ਦੀ ਛਣ ਛਣ ਬੋਲੇ

ਰੰਗ ਸੀ ਕਦੇ ਗੁਲਾਬੀ ਸੁਪਨਿਆਂ ਦੇ

ਤੇ ਸੰਗੀਤ ਸੀ ਮੁਹੱਬਤ ਵਰਗਾ

ਰੰਗ ਸੀ ਕਦੇ ਜੋਗੀਆ

ਤੇ  ਸੰਗੀਤ ਸੀ ਬੀਨ ਦੀ ਲਹਿਰ ਵਰਗਾ

ਰੰਗ ਸੀ ਮੋਰ ਖੰਭੀਆ

ਤੇ  ਸੰਗੀਤ ਸੀ ਸਾਉਣ ਦੀ ਗਾਉਂਦੀ ਪੌਣ ਵਰਗਾ

ਇਹਨਾਂ ਰੰਗਾਂ ਦੇ ਸਾਹਾਂ ‘ਤੋਂ  ਸੰਗੀਤ ਨੂੰ ਹੀ

ਰੂਹ ਦੀ ਖੁਰਾਕ ਜ਼ਿੰਦਾਦਿਲ ਲੋਕ ਕਹਿੰਦੇ ਨੇ।

## 42. ਉਮੀਦ

ਤਪਦੀ ਰੇਤ ਵਾਂਗੂ ਝੁਲਸੀ ਆਸ ਤੇ

ਇੱਕ ਵਾਅਦਾ ਪਾਣੀ ਪਾ ਗਿਆ

ਉਮੀਦਾਂ ਦੇ ਕੰਡਿਆਲੇ ਪੰਧ ਤੇ

ਸੁਪਨਾ ਤੇਰਾ ਜਿਉਂ ਫੁੱਲ ਵਿਛਾ ਗਿਆ

ਖਣ ਖਣ ਨੂੰ ਸੰਬੋਧਨ ਕਰਕੇ

ਮੋਈਆਂ ਰੀਝਾਂ ਨੂੰ ਅੱਜ ਜਗਾ ਗਿਆ

ਪੀੜ ਜਗਦੀ ਰਹੀ ਦੀਵੇ ਵਾਂਗੂ ਰਾਤ ਭਰ

ਦੇ ਕੇ ਹਾਸੇ ਚਾਨਣੀਆਂ ਖਿੰਡਾ ਗਿਆ

ਡੁਲ੍ਹਦੇ ਨੈਣ ਕਟੋਰੇ ਡੱਕੇ ਸੁਪਨਿਆਂ ਨਾਲ

ਕਰਕੇ ਬੋਲ ਸਾਂਝੇ ਦਿਲ ਦਿਖਾ ਗਿਆ।

## 43. ਰੋਂਦੇ ਨੈਣ

ਭੁੱਕ ਬੁੱਕ ਰੋਂਦੇ ਨੈਣਾਂ ਨੂੰ ਜਦ

ਢੁੱਲ ਡੁੱਲ ਪੈਂਦੇ ਨੈਣ ਮਿਲੇ।

ਬੇਆਸ ਜਿਹੀ ਜ਼ਿੰਦਗੀ ਤੇ

ਮੁੜ ਤੋਂ ਖੁਸ਼ੀਆਂ ਦਾ ਬੂਰ ਖਿਲੇ।

ਆਸਾਂ ਦੇ ਸੁੱਕੇ ਬੂਝੇ ਨੂੰ ਜਿਉਂ

ਨਦੀ ਕੋਈ ਵਗਦੀ ਆਣ ਮਿਲੇ।

ਉੱਘ ਪਏ ਫੁੱਲ ਬਸੰਤੀ

ਰੁੜ ਗਏ ਬੇਜਾਨ ਬੇਅਰਥ ਗਿਲੇ।

ਟੋਹ ਲਈ ਅਰਮਾਨਾਂ ਦੀ ਨਬਜ਼

ਛੋਹ ਕੇ ਹਟਿਆ ਖ਼ੂਨ-ਏ-ਦਿਲ਼ੇ।

ਪੈ ਜਾਵੇ ਵਕਫ਼ਾ ਦਿਨ ਦਾ

ਤਾਰਿਆਂ ਵਾਂਗੂ ਰਾਤ ਨੂੰ ਫਿਰ ਮਿਲੇ।

ਚੰਨ ਮੁਹੱਬਤ ਦਾ ਬਦਲੋਟੀ ਓਹਲੇ

ਨਹੀਂ ਸ਼ਿਕਵਾ ਜੇ ਤੇਰਾ ਸਾਥ ਮਿਲੇ।

## 44. ਵਾਅਦਾ

ਲੈ ਕੇ ਵਾਅਦਾ ਤੂੰ ਚਾਹਿਆ ਸਿਖਰ ਤੀਕ

ਅਪੜਣ ਮੇਰੀਆਂ ਤਮੰਨਾਵਾਂ

ਅੰਬਰਾਂ ਨੂੰ ਛੂਹਣ ਮੇਰੀਆਂ ਪ੍ਰਾਪਤੀਆਂ

ਤੇਰੇ ਹੌਂਸਲੇ ਦੀ ਸੰਘਣੀ ਛਾਂ

ਮੁਸ਼ਕਲਾਂ ਦੀ ਧੁੱਪ  ਤੋਂ ਨਿਰਲੇਪ ਰਖੇਗੀ ਮੈਨੂੰ

ਇਹ ਸੋਚ ਇਕਲਾਪੇ ਮਨ ‘ਚ ਉਭਰੀ

ਤਾਂ ਤੇਰੀਆ ਉਮੀਦਾਂ ਦਾ ਰੌਸ਼ਨ ਸਿਤਾਰਾ

ਬਨਣ ਦਾ ਵਾਅਦਾ

ਮੈਂ ਆਪਣੇ ਆਪ ਨਾਲ ਕੀਤਾ।

## 45. ਅਧਮੋਈ ਪੀੜ

ਤੈਨੂੰ ਦਿੱਤੇ ਪਰੋ ਕੇ ਹਾਸੇ, ਦਿਲ ਦੀਆਂ ਤਾਰਾਂ'ਚੋਂ

ਪੀੜ ਗਵਾਚ ਗਈ ਅਧਮੋਈ ਮੇਰੇ ਪਿਆਰਾਂ'ਚੋਂ

ਤੱਕ ਕੇ ਚਿਹਰਾ ਸਾਂਵਲਾ ਚਾਅ ਦਿਲ ਦੇ ਖਿਲਰੇ

ਕਲੀ ਖਾਮੋਸ਼ ਰਾਤ ਨੂੰ ਜਾਗ ਪਈ ਬਹਾਰਾਂ'ਚੋਂ

ਖਿੜੇ ਖਿੜੇ ਅੰਬਰਾਂ ਤੇ ਲੋਅ ਦੋਸਤੀ ਦੀ ਬਲ ਪਈ

ਅਪੱਣਤ ਦੀ ਤ੍ਰੇਲ ਹੰਝੂ ਬਣ ਕਿਰ ਪਈ ਨੁਹਾਰਾਂ'ਚੋਂ

ਤਿਣਕਾ ਤਿਣਕਾ ਚੁਗ ਕੇ ਆਲ੍ਹਣਾ ਬਣਾ ਸੋਚਿਆ

ਦੋਸਤੀ ਦਾ ਫੁੱਲ ਵੀ ਲਗਾਵਾਂ ਚੁੱਗ ਕੇ ਗੁਲਜਾਰਾਂ'ਚੋਂ

ਧੁੱਪ ਫਿਰ ਵਿਹੜੇ'ਚ ਆਣ ਚਾਂਭਲ ਪਈ ਸਰਦ ਰੁੱਤੇ

ਬੰਦ ਕਰਕੇ ਦਰਵਾਜ਼ਾ ਮੋੜ ਦਿੱਤੀ ਕਿਰਨ ਬਾਰਾਂ'ਚੋਂ

ਪੀ ਕੇ ਸਬਰ ਦਾ ਘੁੱਟ ਗਮ ਨੂੰ ਲਾ ਕੇ ਕਲੇਜੇ ਨਾਲ

ਕੁਰਲਾਅ ਉੱਠੀ ਜਿੰਦ ਵਿਛੜੀ ਕੂੰਜ ਕੋਈ ਡਾਰਾਂ'ਚੋਂ।

## 46. ਕਸੂਰ ਕਿਸਦਾ

ਕਸੂਰ ਤੇਰਾ ਨਹੀਂ ਕਸੂਰ ਮੇਰਾ ਨਹੀਂ

ਜਾਦੂ ਹੈ ਸ਼ਰਾਬੀ ਅੱਖਾਂ ਦਾ

ਜਿੰਨਾਂ ਨੇ ਗੁਲਾਬੀ ਡੋਰੀਆਂ ‘ਚੋਂ ਚੇਤੰਨਤਾ ਦੇ ਸੁਪਨੇ

ਵੈਰਾਗੇ ਜੂਹ ‘ਚ ਦਾਖਲ ਹੁੰਦਿਆ

ਅਜਨਬੀ ਪਲਾਂ ਨਾਲ ਕਿਸੇ ਸੰਤਾਪੇ ਸਮੇਂ ਦਾ

ਸੰਬੰਧ ਮੰਨ ਗੈਰਤ ਨੂੰ ਬੇਕਦਰੀ ਦਾ ਖਿਆਲ

ਡੰਗਣੋਂ ਅਸੱਮਰਥ ਰਿਹਾ ਬੇਲਿਹਾਜ਼ ਹੀ

ਅਰਮਾਨਾਂ ਦੇ ਨਾਜ਼ੁਕ ਬੁੱਲਾਂ ਦੀ

ਗੁਲਾਬੀ ਰੰਗਤ ਨੂੰ ਨਾ ਗੋਲਦੀ ਹੋਈ ਪੀਂਦੀ ਗਈ।

## 47.ਸੁਪਨੇ ਤੇ ਪ੍ਰਛਾਵੇਂ

ਜਨਮ ਜਮਾਨਤਰਾਂ ਦਾ ਸੁਹੇਲਾ ਸੁਪਨਾ

ਅੱਜ ਰੁੱਸ ਕੇ ਭੂੰਜੇ ਪੈ ਗਿਆ।

ਨੂਰ ਅੱਖਾਂ ਦਾ ਓਝਲ ਹੋਇਆ

ਚੰਨ ਤੱਕ ਕੇ ਫੇਰ ਭੁਲੇਖਾ ਪੈ ਗਿਆ।

ਸੰਨ ਲਾ ਕੇ ਉਲਫ਼ਤ ਦੀ ਕੋਠੜੀ'ਚ

ਕੋਈ ਰੀਝਾਂ ਦੀ ਪੰਡ ਲੈ ਗਿਆ।

ਬਗੀਚੀ ਨਾਲੋਂ ਨਿਖੜ ਕੇ ਰਹਿ ਗਏ

ਉਡੱਦੀ ਮਹਿਕ ਨੂੰ ਧੂੰਆਂ ਲੈ ਗਿਆ।

ਹਨੇਰੇ 'ਚ ਮੋਮਬੱਤੀ ਬਲ ਉੱਠੀ

ਸੁਪਨੇ ਤੇ ਪ੍ਰਛਾਵਾਂ ਜਿਉਂ ਹੀ ਪੈ ਗਿਆ।

ਨੀਝ ਲਾ ਕੇ ਪੜਦੀ ਰਹੀ ਇਬਾਰਤ

ਤਕਦੀਰਾਂ ਨੂੰ ਕਿਵੇਂ ਭੁਲੇਖਾ ਪੈ ਗਿਆ।

ਜਿਸਮ ਇਹ ਖਾਲੀ ਭਾਡਾਂ ਖਣਕਦਾ

ਜਿੰਦ ਜੋਗੀ ਕੀਲ ਕੇ ਲੈ ਗਿਆ।

ਉੱਚੇ ਚੁਬਾਰਿਆਂ ਦੀਆਂ ਕੰਧਾਂ ਗਿਣ ਕੇ

ਸੰਗ ਕੰਧਾਂ ਦੇ ਰੋਣਾ ਪੈ ਗਿਆ।

ਪ੍ਰਛਾਵਿਆਂ ਨੂੰ ਛੂਹਣ-ਤਮੰਨਾ ਨੂੰ

ਬੋਝੇ 'ਚ ਪਾ ਕੇ ਚੰਨ ਰਾਹੇ ਪੈ ਗਿਆ।

## 48. ਜੋਗੀ ਤੇ ਰਾਤ

ਰਾਤਾਂ ਮੈਂ ਜਾਗ ਕੇ ਕੱਟੀਆਂ

ਦਿਹੁੰ ਮੈਂ ਸੁੱਤੀ ਨਿਸੱਲ ਹੋ।

ਸੁਪਨੇ ਮੈਂ ਗਲ ਨਾਲ ਲਾਏ,

ਹਕੀਕਤ ਤੋਂ ਪਰ੍ਹਾ ਗਈ ਖਲ੍ਹੋ।

ਰੀਝਾਂ ਮੈਂ ਗਾ ਗਾ ਰੱਜੀ,

ਗੀਤ ਨਾ ਸਕੀ ਕੋਈ ਪਰੋ।

ਜੋਗੀ ਮੈਂ ਦਰ ਤੇ ਦੇਖੇ,

ਨਿਗਾਹ ਨਾ ਸਕੀ ਲੋਕੋ।

ਜੋਗੀ ਮੈਂ ਸੱਖਣੇ ਮੋੜੇ

ਜਿੰਦ ਮੈਂ ਲਈ ਲਕੋ।

ਛੱਤਾਂ ਦੀ ਮੈਂ ਆਸ ਰਖੀ

ਛੱਤ ਤੇ ਨਾ ਸਕੀ ਖਲੋ

ਰੀਝਾਂ ਸੁਪਨੇ ਮੈਂ ਕੇਰ ਦਿੱਤੇ

ਕੁਝ ਤਾਂ ਮੇਰੇ ਹੱਥ ਧਰੋ।

ਮੇਰੇ ਵਿੱਚ ਗਰਮੀ ਬੜੀ ਐ,

ਨਾ ਐਵੇਂ ਸੂਰਜ ਲੈ ਕੇ ਖਲੋ।

# 49. ਰੀਝਾਂ ਦੀ ਤਾਣੀ

ਰੀਝਾਂ ਦੀ ਤਾਣੀ ,

ਉਲਝੇ ਤੰਦਾਂ ਨੂੰ ਸੁਲਝਾਉਂਦੇ ਖਿਆਲ

ਤਕਦੀਰਾਂ ਬੁਣਦੇ

ਸੁਪਨਿਆਂ ਦੇ ਕੱਚੇ ਰੰਗਾਂ ‘ਚ

ਅੱਖਰਾਂ ਦੀ ਫਟਕੜੀ ਘੋਲਦੇ

ਅਹਿਸਾਨ ਕਰਨ ਵਾਂਗ ਹਿਲਾਉਂਦੇ

ਤੇ ਧੁਪਾਂ ‘ਚ ਸੁਕਾਉਂਦੇ ਰੰਗਾਂ ਨੂੰ ਪਕਾਉਂਦੇ

ਨੰਗੇ ਚਾਨਣ ‘ਚ ਦਿਨ-ਦੀਵੀਂ

ਮੁਹੱਬਤ ਦੀ ਭੱਠੀ ਤੇ ਨਾਜ਼ੁਕ ਤੰਦਾਂ ਦੀ ਬਲੀ ਚੜਾਉਂਦੇ।

## 50. ਮੁਕਾਮ

ਇਸ਼ਕ ਇੱਕ ਮੁਕਾਮ

ਪਰ ਜ਼ਿੰਦਗੀ ਮੁਕਾਮ ਤੀਕ ਪਹੁੰਚਣ ਲਈ

ਇਸ਼ਕ ਦੀ ਬਲੀ ਲੋੜੀਂਦੀ

ਇਹ ਦੁਨੀਆਂ

ਜ਼ਿੰਦਗੀ ਨੂੰ ਮੁਕਾਮ ਤੋਂ

ਤਿੰਨ ਗਜ਼ ਦੂਰ ਰੱਖ ਕੇ

ਨਿੱਤ ਨਵੇਂ ਆਸ਼ਕਾਂ ਦੇ

ਸੀਨੇ ‘ਚ ਚੰਗਿਆਰੀ ਟਿਕਾਉਂਦੀ

ਇਹ ਦੁਨੀਆ

ਇਸ਼ਕ ਦੀ ਇਬਤਦਾ ਤਾਂ ਚਾਹੁੰਦੀ

ਪਰ ਇੰਤਹਾ ਨਹੀਂ ਚਾਹੁੰਦੀ।

## 51. ਮੇਰੇ ਸ਼ਹਿਰ ਦੀਆਂ ਗਲੀਆਂ

ਅੱਜ ਫੇਰ ਚੀਕੀਆਂ ਮੇਰੇ ਸ਼ਹਿਰ ਦੀਆਂ ਗਲੀਆਂ

ਤੇਰੀ ਛੁਹ ਤੋਂ ਵਾਞੀਆਂ

ਤੇਰੇ ਕਦਮਾਂ ਤੋਂ ਸਖਣੀਆਂ

ਲੂੰਹਦੇ ਅਰਮਾਨਾਂ ਨਾਲ

ਉਡੀਕ ਦੀ ਕੱਕੀ ਰੇਤ ਤੇ ਬੈਠੀਆਂ

ਬਿੱਲੀਆਂ ਵਰਗੀਆਂ ਸਧਰਾਂ

ਨੀਝ ਨਾਲ ਸੜਕਾਂ ਨੂੰ ਤਕਦੀਆਂ

ਭੁਲੇਖਿਆਂ ਤੋਂ ਝਪਟਦੀਆਂ

ਅੱਧੀ ਰਾਤੀਂ ਘੁੱਪ ਹਨੇਰੀ ਫ਼ਿਜਾ 'ਚ

ਫੇਰ  ਬਿੱਲੀਆਂ ਗਲ ਲਗ ਰੋਈਆਂ

ਮੇਰੀਆਂ ਗਲੀਆਂ

ਅੱਜ ਫੇਰ ਚੀਕੀਆਂ

ਮੇਰੇ ਸ਼ਹਿਰ ਦੀਆਂ ਗਲੀਆਂ।

## 52. ਚਾਨਣੀ

ਗੁਲਜ਼ਾਰਾਂ ਸੰਗ ਖਿੜੀ ਪ੍ਰਭਾਤ,

ਹਨੇਰਿਆਂ ‘ਚ ਝੁਕੀ ਰਾਤ।

ਚਾਨਣੀਆਂ ‘ਚ ਭਿੱਜੀ ਜਿੰਦ,

ਯਾਦਾਂ ‘ਚ ਗਈ ਗਵਾਚ।

ਹੌਕਿਆਂ ਦੇ ਤੇਲ ਵਾਲਾ,

ਦੀਵਾ ਜਗਿਆ ਵਿੱਚ ਸਬਾਤ।

ਨੀਲੇ ਹੋਏ ਜਿਸਮ ਰੰਗ,

ਗਵਾਚ ਗਏ ਹੋਸ਼-ਹਵਾਸ।

ਵਿਹਲ ਆਈ ਤਾਂ ਲਾਹਾ ਤੱਕ,

ਯਾਦਾਂ ਦੀ ਭਰ ਲਈ ਪਰਾਤ।

ਪੀ ਕੇ ਦੋਸਤੀ ਦਾਰੂ,

ਸੌਂ ਗਿਆ ਕਹਿ ਕੇ ਸ਼ੁਭ ਰਾਤ।

ਡਗਮਗਾਉਂਦੇ ਕਦਮਾ ਤੇ ਡਿੱਗ ਕੇ,

ਕੱਟ ਲਈ ਰੋ ਰੋ ਰਾਤ।

ਭਾਬੜਾਂ ‘ਚ ਗਿਲੇ ਸਾੜ ਕੇ,

ਸਬਰ ਦੀ ਭਰ ਲਈ ਦਵਾਤ।

ਮੁੱਕ ਗਏ53. ਰੁਝੇਵੇਂ ਆਖਰ ਨੂੰ,

ਸਿਰੇ ਨਾ ਚੜ੍ਹੀ ਮੁਹੱਬਤ ਦੀ ਬਾਤ।

## 53. ਮੱਠੀ ਮੱਠੀ ਲੋਅ

ਹਨੇਰਿਆਂ ‘ਚ ਗਵਾਚ ਗਈ ਜਿਉਂ ਚਾਨਣੀ,

ਸਾਹਾਂ ਦੇ ਸਰਾਂ ਨੂੰ ਛੱਡ ਦਈ ਖੁਸ਼ਬੋ।

ਨੀਂਦਾਂ ਦੇ ਦਰਵਾਜ਼ਿਆਂ ਤੇ ਦਸਤਕ ਹੋਈ ,

ਸੋਚ ਭਟਕਦੀ ਨਾ ਬੈਠ ਸਕਦੀ ਨਾ ਸਕਦੀ ਖਲੋ।

ਮਨ ਦੇ ਕੋਨੇ ‘ਚ ਅਰਮਾਨ ਭੁੱਜਦੇ,

ਜ਼ਿੰਦਗੀ ਦੇ ਦੀਵੇ ਦੀ ਮੱਠੀ ਮੱਠੀ ਲੋਅ।

ਪੰਛੀਆਂ ਦੇ ਖੰਭਾਂ ‘ਚੋਂ ਰੰਗ ਗਿਣ ਕੇ,

ਦਿਲ ਦੇ ਵਰਕਿਆਂ ‘ਚ ਲਏ ਗੁਲਾਬ ਲਕੋ।

ਆਸਾਂ ਦੀ ਤਣੀ ਤੇ ਗੀਤ ਮੁੱਕ ਗਏ,

ਅੱਖਾਂ ਦਿਆਂ ਕੋਇਆਂ ‘ਚ ਬੈਠੇ ਹੰਝੂ ਪਏ ਰੋ।

ਖੋਲੇਂਗੀ ਜੇ ਖਿੜਕੀ ਤਾਂ ਹਵਾ ਆਵੇਗੀ,

ਚੁੱਪ ਕਰਕੇ ਬੰਦ ਕਰ ਦਰਵਾਜ਼ੇ ਤੇ ਖਿੜਕੀ ਢੋਹ।

ਵੇਲਾ ਏ ਤਕਾਲਾਂ ਦਾ ਅੰਬਰ ਤੇ ਗਹਿਰ ਚੜੀ,

ਕੁਵੇਲੇ ਨਾ ਉਡੀਕਾਂ ਵਾਲੀ ਦਲੀਜ਼ ਤੇ ਖਲੋ।

ਲੰਮੀ ਇਹ ਰਾਤ ਲੰਮਾ ਸਫ਼ਰ ਸਵੇਰ ਦਾ,

ਚੁੱਪ ਚੁੱਪ ਗੁੰਮ ਗੁੰਮ ਉਦਾਸ ਤਿਤਲੀ ਨੇ

ਘੁੱਟ ਲਏ ਅਰਮਾਨ ਤੇ ਹੰਝੂ ਲਏ ਨੇ ਪਰੋ।

## 54.ਦਰਵਾਜ਼ੇ ਪਿਛੋਂ

ਮਨ ਦੀ ਦੀਵਾਰ ਤੇ ਉੱਕਰੀ ਹਰੇਕ ਲੀਕ

ਦਰਵਾਜ਼ੇ ਤੇ ਹੋਈ ਹਰੇਕ ਦਸਤਕ

ਜਿੰਦਰੇ ਤੇ ਲਗੀ ਹਰੇਕ ਠੋਕਰ

ਚਾਬੀ ਤੇ ਲੱਗੀ ਹਰੇਕ ਛੋਹ ਤੋਂ ਵਾਕਫ਼

ਇਹ ਵਿਹੜਾ ਦਰਵਾਜ਼ੇ ਦੇ ਪਾਰ ਖਲੋਤੇ

ਹਰੇਕ ਚਿਹਰੇ ਲਈ ਅਣਜਾਨ ਬਣ

ਜਿੰਦਰੇ ਕੁੰਡੀਆਂ ਦੀ ਆੜ 'ਚ

ਸਹਿਮ ਪਾਲਦਾ ਜ਼ਿੰਦਗੀ ਦੇ ਕੈਨਵਸ ਤੇ

ਘੀਚ ਮਚੋਲੇ ਵਾਹੁੰਦਾ ਕੈਨਵਸ ਦੀ ਅਣਛੋਹੀ

ਧਰਤ ਤੇ ਬੇਢੰਗੀਆਂ ਲੀਕਾਂ ਦਾ ਬੋਝ

ਮਹਿਸੂਸ ਕਰਦਾ ਬਲਦ ਦੇ ਸਿੰਗਾਂ ਵਾਂਗ

ਭਾਰ ਬਦਲਣ ਦੀ ਕੋਸ਼ਿਸ਼ 'ਚ

ਆਪਾ ਹਲੂਣ ਲੈਂਦਾ ਹੈ।

# 55.ਸੂਰਜ ਤੇ ਤਾਰੇ

ਮੁਸ਼ਕਲਾਂ ਦੇ ਵਿਸ਼ਾਲ ਖੇਤਰ ‘ਚ

ਸੀਮਤ ਘੇਰੇ ‘ਚ ਆਏ ਖਿਆਲ

ਸਮਝਾਉਣੋ ਅਸਮਰਥ ਤੇ ਸਮਝ ਤੇ ਮੋਢਿਆਂ ਤੇ ਲੱਦੇ

ਜ਼ਿੰਦਗੀ ਨੂੰ ਬੋਝਲ ਕਰਦੇ ਨੇ

ਇੱਕ ਸਿੱਪ ਚਾਹ ਦੀ

ਜਾਂ ਕੇਤਲੀ ‘ਚ ਠੰਡੀ ਚਾਹ ਦੀ ਮਲਾਈ

ਵਾਂਗ ਕਿਨਾਰੇ ਲਗੀ ਸਾਰਾ ਦਿਨ ਗਿਣਦੀ

ਮਿਣਦੀ ਭੁੱਲ-ਭੁਲੇਖਿਆਂ ‘ਚ ਪੈ ਗਈ

ਜਰਬਾਂ ਦਿੰਦੀ ਤਰੀਕਾਂ ਲਿਖਦੀ

ਅੱਖਰਾਂ ਦੀ ਓਟ ‘ਚ ਸਰਦ ਸਿਆਹੀ ਤੋਂ ਬਚਣ

ਦੀ ਉਮੀਦ ਨਾਲ ਤਾਰੇ ਗਿਣਦੀ ਰਾਤ ਭਰ

ਸੂਰਜ ਤਕਦੀ ਦਿੰਹੁ ਭਰ

ਸੋਚਦੀ ਕਦੇ ਤਾਂ

ਤਿਣਕੇ ਦਾ ਵੀ ਸਹਾਰਾ ਹੁੰਦਾ ਹੈ

ਪਰ ਕਦੇ ਕਦੇ ਲੋਹਾ ਲਕੜ ਤੋਂ ਵੀ ਡੁੱਬਦਾ ਹੈ।

## 56.ਸੁਪਨਿਆਂ ਦਾ ਜਾਦੂ

ਸੁਪਨਿਆਂ ਦਾ ਜਾਦੂ ਕੇ ਤੇਰੇ ਗਲ ਬਾਹਾਂ ਪਾਈਆਂ

ਸੁਪਨਿਆਂ ਦਾ ਜਾਦੂ ਕਿ ਤੈਨੂੰ ਤੱਕ ਤੱਕ ਰੱਜ

ਨਾ ਆਇਆਂ ਪਰ ਸੁਪਨੇ ਹਨੇਰੀ ਰਾਤ ਦੇ

ਕਾਲੇ ਅੰਬਰਾਂ ਤੇ ਲਿਸ਼ਕਦੀ ਬਿਜਲੀ

ਜਿਹੜੀ ਕਿਸੇ ਦਾ ਸਵਾਰਦੀ ਕੁਝ ਨਹੀਂ

ਅੱਗ ਹੀ ਲਾਉਂਦੀ ਹੈ

ਰੀਝਾਂ ਦੇ ਖੇਤਾਂ ਨੂੰ

ਸਧਰਾਂ ਦੀਆਂ ਝੁੱਗੀਆਂ ਨੂੰ

ਤੇ ਅਰਮਾਨਾਂ ਦੇ ਜੰਗਲਾਂ ਨੂੰ

ਅਸਮਨੀ ਬਿਜਲੀ ਤੇ ਸੁਪਨੇ

ਸਚਮੁੱਚ ਇੱਕੋ ਜਿਹੇ ਹੁੰਦੇ ਹਨ।

## 57. ਨਾਗ ਕੁੰਡੀ

ਬੋਲ ਸੁਰੀਲੇ ਜਾਂ ਦਿਲ ਲੁਭਾਉਣੇ

ਧੂ ਅੰਦਰ ਤੀਕ ਪਾਉਣ

ਜ਼ਿਕਰ ਸੁਨਣ ਲਈ

ਸਜਣਾਂ ਦੇ ਸ਼ਹਿਰ ਦੀ ਦੁਪਹਿਰ ਦਾ

ਨਜ਼ਰਾਂ ਸਜਦਾ ਕਰ ਗਈਆਂ

ਬੋਲਾਂ ਦੇ ਬਾਦਸ਼ਾਹ ਨੂੰ

ਮਾਨਣ ਲਈ ਬੋਹੜਾਂ ਵਰਗੀ ਛਾਂ

ਦਿਲ ਪਲਕਾਂ ਥੱਲੇ ਜਾ ਬੈਠਾ

ਲੈਣ ਲਈ ਨਿੱਘ

ਇੰਤਹਾ ਦੇ ਪਲਾਂ ਦਾ

ਰੂਹ ਸੀਨੇ ਨਾਲ ਲੱਗ

ਬਾਹਾਂ ਦੀ ਨਾਗ ਕੁੰਡਲੀ ‘ਚ

ਵਲੇਟੀ ਮੁਹੱਬਤ ਦੀ ਬੀਨ ਤੇ ਬਹਿਕ ਗਈ।

## 58. ਲੋਹੜੀ

ਸੂਰਜ ਆ ਕੇ ਦੇਖਿਆ ਰਾਤੀਂ ਫਿਰ ,

ਤ੍ਰੇਲੇ ਫੁੱਲ ਗਵਾਚੀ ਖੁਸ਼ਬੋ ਨੂੰ ਰੋਏ ਸੀ।

ਪੀਤੇ ਜਾਮ ਭਰ ਭਰ ਕੇ ਜੁਦਾਈ ਦੇ ,

ਤ੍ਰੇਲੇ ਮੋਤੀ ਇੰਤਜ਼ਾਰ 'ਚ ਪਰੋਏ ਸੀ।

ਗਿੱਲੀ ਪਰਤ ਮਿੱਟੀ ਦੀ ਠਰ ਗਈ,

ਆਠਰੇ ਜਿਸਮ ਜਿਉਂ ਸਰਦੀ 'ਚ ਮੋਏ ਸੀ।

ਧੁੰਦ ,ਧੁੱਪ ਮੀਂਹ ਤੇ ਠੰਡ ਦਾ ਏਕਾ ਦੇਖ,

ਮੱਚਦੇ ਖਿਆਲ ਡਾਈਰੀਆਂ 'ਚ ਲਕੋਏ ਸੀ।

ਹਰੇ ਪੱਤਿਆਂ ਤੇ ਚਮਕਦੀ ਕਿਨਾਰੀ ਲੱਗੀ,

ਤਿਤਲੀਆਂ ਦੇ ਅਰਮਾਨ ਕਿਨਾਰੀ ਨੂੰ ਦੇਖ ਮੋਏ ਸੀ,

ਮਰ ਮਰ ਨਿੱਤ ਜੰਮਦੀ ਤ੍ਰੇਲ ਫੁੱਲਾਂ ਖਾਤਰ,

ਸੁਪਨਿਆਂ ਦੀ ਕੰਬਦੀ ਲਾਟ ਸੀਨੇ 'ਚ ਰੱਖ ਰੋਏ ਸੀ।

## 59. ਤੇਰੇ ਨਾਂ ਦੀਆਂ ਵੰਗਾਂ

ਸਾਡੀ ਖਿੱਚ ਤੇਰੇ ਤਾਈਂ

ਅਸੀਂ ਵਿਸਾਰੇ ਸਭ ਭੈਣ ਭਾਈ

ਇੱਕ ਤੂੰ ਬੇਦਿਲ ਜਿਹਾ ਬੇਕਿਰਕ ਜਿਹਾ

ਮੁਹੱਬਤ ਦਾ ਮੂੰਹ ਮੋੜੀ ਜਾਂਦੈ

ਤੈਨੂੰ ਆਪਣਿਆਂ ਦੀ ਖਬਰ ਕਾਈ ਨੀ

ਹੋਰਾਂ ਦੇ ਸ਼ਿਕਵੇ ਤਾਂ ਸੁਣੀ ਜਾਂਦੈ

ਬੇਰਸ ਬੂਝਿਆਂ ਝਾੜਾਂ ਕੋਲ ਜਾ ਬਹਿਦੈ

ਜਿਹਨਾਂ ਦਾ ਕੰਮ ਦੂਜਿਆਂ ਤੋਂ ਲੈਣਾ

ਜਿੰਨਾ ਪਿਛੇ ਤੂੰ ਫਿਰਦੈ

ਸਾਡੀ ਜੁੱਤੀ ਦੀਆਂ ਨੋਕਾਂ ਨੇ

ਲਾਇਆ ਸੀ ਜਿਹੜਾ ਬੂਟਾ ਆਪਣੇ ਹੱਥੀਂ

ਕਦੇ ਪਾਣੀ ਦੀ ਛਿੱਟ ਵੀ ਉਹਨੂੰ ਪਾਇਆ ਕਰ

ਲਿਆ ਕੇ ਬੂਹੇ ਤੇ ਬਿਠਾਇਆ ਸੀ ਜਿਹਨੂੰ

ਕਦੇ ਬੂਹੇ ਦਾ ਦਰ ਵੀ ਖੜਕਾਇਆ ਕਰ

ਹੱਥਾਂ ਤੇ ਲਵਾਈ ਸੀ ਮਹਿੰਦੀ ਜਿਹਨੇ ਤੇਰੇ ਨਾਂ ਦੀ

ਘੁੱਟ ਕੇ ਹਥੇਲੀ ਕਦੇ

ਵੀਣੀ ਵਾਲੀਆਂ ਵੰਗਾਂ ਤਾਂ ਛਣਕਾਇਆ ਕਰ।

## 60. ਬੇਬਸੀ

ਅਰਥ-ਵਿਹੂਣੇ ਜੀਵਨ ਦੇ

ਪਹੀਏ ਥੱਲੇ ਦਬਦੇ ਜਾਈਏ

ਰੀਝਾਂ ਖਾਹਿਸ਼ਾਂ ਨੂੰ ਕਿੱਲੀ ਟੰਗ

ਤੰਗੀਆਂ , ਲੋੜਾਂ ਥੋੜਾਂ ਦੇ

ਸਿਰ ਚੜ ਖੁਦਕਸ਼ੀਆਂ ਕਰਦੇ ਜਾਈਏ

ਹੜਤਾਲਾਂ ,ਧਰਨੇ, ਬੰਦ

ਨਹੀਂ ਪਹੀਏ-ਜਾਮ ਨੂੰ ਧੱਕਾ ਲਾ ਸਕਦੇ

ਹੁਣ ਉੱਡ ਕੇ ਸਿਰ ਸਾਮਰਾਜ ਦੇ ਆਲ੍ਹਣਾ ਪਾਈਏ

ਤਾਂ ਹੀ ਅੰਨ ਦਾਤਾ ਅੰਨ ਉਗਾ ਕੇ

ਪੁੰਨ ਕਮਾਏਗਾ ਤਾਂ ਹੀ ਅੰਨ ਦਾਤਾ ਕਿਸੇ ਲੋੜਵੰਦ

ਦੀ ਝੋਲੀ ਅੰਨ ਪਾਵੇਗਾ

ਜੇ ਉਹਨੂੰ ਆਪਣੀ ਕੋਠੀ ‘ਚੋਂ

ਬਾਟਾ ਭਰ ਅੰਨ ਦਾ ਥਿਆਵੇਗਾ

ਜੇ ਅੰਨ ਉਹਦੇ ਕੋਠੇ ਦੀ ਥਾਂ

ਮੰਡੀ ‘ਚ ਪਿਆ ਉੱਗ ਜਾਵੇਗਾ

ਤਾਂ ਕਿਵੇਂ ਕੋਈ ਮਾਯੂਸ ਗਾਵੇਗਾ

“ਰੱਬਾ ਰੱਬਾ ਮੀਂਹ ਵਰਸਾ

ਸਾਡੀ ਕੋਠੀ ਦਾਣੇ ਪਾ।”

## 61. ਜੋਗੀਆ ਲਾਲੀ

ਦਿਨ ਦੇ ਭੱਖਦੇ

ਅੱਗ ਦੇ ਗੋਲੇ ਦੀ ਚਿੱਟੀ ਸਫੈਦ ਧੁੱਪ

ਤਰਕਾਲੀਂ ਆਪਣੇ ਚੰਨ ਦੇ

ਰਾਤੀਂ ਆਗਮਨ ਦਾ ਜ਼ਿਕਰ ਸੁਣ

ਡੇਰੇ ਦੇ ਬਾਹਰ

ਆਪਣੇ ਜੋਗੀ ਦੀ ਉਡੀਕ 'ਚ ਖੜ੍ਹੀ

ਜੋਗਣ ਵਾਂਗ

ਦੂਰੋਂ ਆਉਦੇਂ ਜੋਗੀ ਨੂੰ ਤੱਕ

ਆਪਣੇ ਲਿਬਾਸ ਵਾਂਗ ਜੋਗੀਆ ਹੋ ਜਾਂਦੀ ਹੈ।

## 62. ਜ਼ਿੰਦਗੀ ਤੇ ਯਾਦ

ਜ਼ਿੰਦਗੀ ਦੇ ਰੁਝੇਵਿਆਂ ਦਾ ਤਾਣਾ

ਦਿਨ-ਬ-ਦਿਨ ਉਲਝਦਾ ਹੀ ਜਾ ਰਿਹੈ

ਪਲ ਭਰ ਲਈ ਕੋਈ ਤੱਕਣੀ ਦਿਲ ਨੂੰ ਹਲੂਣ ਜਾਂਦੀ ਐ

ਤਿਹਾਏ ਹੰਝੂ

ਅੱਖੀਆਂ ਦੀਆਂ ਦਹਿਲੀਜ਼ਾਂ ਮਿਣਦੇ

ਕਿਸਮਤ ਦੇ ਦਸਤੂਰਾਂ

ਤੇ ਗਿਲਾ ਜਿਹਾ ਕਰਕੇ

ਦੰਦਾਂ ਥੱਲੇ ਬੁੱਲਾਂ ਨੂੰ

ਟੁੱਕ ਮਿਠੀ ਜਿਹੀ ਪੀੜ

ਦਾ ਆਨੰਦ ਮਾਣਦੇ

ਤੇਰੀ ਯਾਦ ਵਿੱਚ ਖੋ ਜਾਂਦੇ ਹਨ।

# 63. ਅਟੱਲ ਸੱਚਾਈ

“ ਇੱਕ ਅੱਟਲ ਸਚਾਈ ਵਾਂਗ

ਅਸੀਂ ਤੇਰੇ ਬਿਨ ਊਣੇ ਹਾਂ”

ਤਾਹਿਓਂ ਸਾਡੇ ਨੈਣਾਂ ਦੇ ਕਟੋਰੇ

ਵੇਲੇ ਕਵੇਲੇ ਤੈਨੂੰ ਯਾਦ ਕਰ ਛਲਕ ਪੈਂਦੇ ਨੇ

ਦਿਲ ‘ਚੋਂ ਪਿਆਰ ਤੇ ਬੁੱਲਾਂ ‘ਚੋਂ ਹਾਸੇ ਡੁੱਲਦੇ ਨੇ

ਕਿਉਕਿਂ ਅਸੀਂ ਤੈਨੂੰ ਪਾ ਕੇ

ਮਾਨ ਨਾਲ ਭਰ ਗਏ ਹਾਂ

ਤੇ ਸਾਡੀਆਂ ਖੁਸ਼ੀਆ ਡੁੱਲਦੀਆਂ ਫਿਰਦੀਆਂ ਨੇ

“ਜਿਵੇਂ ਊਣਾ ਭਾਂਡਾ ਛਲਕੇ

ਤਾਂ ਭਰਿਆ ਡੁੱਲ੍ਹ-ਡੁੱਲ੍ਹ ਜਾਵੇ”।

## 64. ਜੋਗੀ

ਦਿਲ ਤੜਪਿਆ ਰੀਝਾਂ ਰੋਈਆਂ

ਵੇਖ ਸਜਣ ਬੇਲੀ ਵੇਖ ਤੇਰੇ ਦਿਲ ਮੇਰਾ ਖੋਹੇ

ਕਿਤੇ ਸਾਡਾ ਸਜਣ ਵੀ ਆਵੇ ,

ਅੱਖੀਆਂ ਤਾਂ ਕੀ ਦਿਲ ਵੀ ਰੋਏ।

ਗੁਜ਼ਾਰ ਕੇ ਇਹ ਜ਼ਿੰਦਗੀ ਜੇ ਮਿਲੇ,

ਸਾਦੇ ਲਈ ਉਹ ਵੀ ਬਹੁਤ ਹੋਏ।

ਗੱਲਾਂ ਯਾਦ ਕਰੀਏ ਤੇਰੀਆਂ,

ਇੱਕਲੇ ਕੀ ਜਿਉਣਾ,ਇਦੋਂ ਚੰਗਾ ਮੋਏ।

ਹੀਰ ਬਿਨ ਰਾਂਝਾਂ ਜੋਗੀ ਬਣਿਆ ,

ਹੀਰ ਨਿਮਾਣੀ ਦੱਸ ਕਿਵੇਂ ਜੋਗਣ ਹੋਏ।

## 65. ਪੁਰੇ ਦੀ ਵਾਅ

ਸੱਚੀਂ ਤੂੰ ਆਇਆ

ਵੀ ਪੁਰੇ ਦੀ ਵਾਅ ਵਾਂਗੂ ਤੇ

ਗਿਆ ਵੀ,

ਫਿਜ਼ਾ ‘ਚ ਤੇਰੀ ਬੀਨ ਦਾ ਲਹਿਰੀਆ

ਖੁਸ਼ਬੋ ਖਿਲਾਰਦਾ ਰਿਹਾ

ਯਾਦ ਆਇਆ ਵੀ ਏ ਜਾਂ

ਭੁਲੇਖਾ ਹੀ ਪਿਆਰ ਤੇਰਾ

ਪਰ ਦਿਲ ਸਾਡਾ ਨਸ਼ਿਆ ਗਿਆ

ਜੇ ਤੂੰ ਸਾਡੇ ਸ਼ਹਿਰ ਆਉਣਾ ਛੱਡ ਦਿੱਤਾ

ਅਸੀਂ ਜਿਉਣਾ ਛੱਢ ਦੇਵਾਂਗੇ.....।

## 66. ਦਿਲ ਦੀ ਦੌਲਤ

ਹਾਏ ਵੇ ਬੇਦਰਦੀਆ, ਦਿਲ ਲੇ ਕੇ ਕਦਰ ਨਾ ਪਾਈ।

ਤੇਰੇ ਦੀਦ ਬਿਨਾ, ਵੇ ਜਿੰਦ ਗਈ ਕੁਮਲਾਈ।

ਕੱਚੇ ਘੜੇ ਜਿਹੀ ਆਸ ਸਾਡੀ,

ਲੋਕਾਂ ਠੋਕਰਾਂ ਨਾਲ ਚਾਹੀ।

ਭੁੱਲ ਭੁੱਲ ਕੇ ਆਵੇਂ ਯਾਦ ਵੇ,

ਯਾਦ ਆਸੀਂ ਕਿਤੇ ਭੁੱਲ ਨਾ ਜਾਈਂ ।

ਜਦ ਦਾ ਦੇਖ ਲਿਆ ਤੈਨੂੰ ਸਜਣਾ,

ਅਸੀਂ ਨਜ਼ਰ ਤੇਰੇ ਤੇ ਟਿਕਾਈ ।

ਗੈਰ ਨਾ ਸਮਝ ਛੱਡ,

ਦਿਲ ਵਾਲੀ ਦੌਲਤ ਤੈਨੂੰ ਫੜਾਈ।

ਲੁੱਟ ਲਿਆ ਪਿਆਰ ਸਾਡਾ ਵੇ,

ਹੁਣ ਪਿਆਰ ਹੋਰ ਕਿਤੇ ਨਾ ਪਾਈਂ।

ਖੁਲ੍ਹੇ ਦਰਵਾਜ਼ੇ ਤੇਰੇ ਵਾਸਤੇ,

ਜਦੋਂ ਜੀਹ ਚਾਹੇ ਆਈਂ।

ਅੱਖਾਂ ਰਾਹੀਂ ਅਸੀਂ ਬੋਲੇ,

ਵੇ ਤੈਨੂੰ ਸਮਝ ਨਾ ਝਲਿਆ ਆਈ।

ਸਾਨੂੰ ਉਡੀਕ ਸਦਾ ਡਾਕ ਦੀ,

ਇੱਕ ਚਿੱਠੀ ਸਾਨੂੰ ਪਾਈਂ।

## 67. ਪੈੜਾਂ

ਦਿਲ ਦੇ ਰਾਹਾਂ ਤੇ

ਮੁੱਹਬਤ ਦੀਆਂ ਪੈੜਾਂ

ਕੁਝ ਫਿੱਕੀਆਂ ਫਿੱਕੀਆਂ ਲਗਦੀਆਂ ਕੁਝ ਗੂਹੜੀਆਂ

ਇਹਨਾਂ ਪੈੜਾਂ ਦੀ ਅਵਾਜ਼ ਨਾ ਸੁਣੀ ਕਦੇ

ਬੇਅਵਾਜ਼ ਪੈੜਾਂ ਨੇ ਲਾਈਆਂ ਆਸਾਂ ਅਧੂਰੀਆਂ

ਸੁਣ ਕੇ ਅਵਾਜ਼ ਤੇਰੇ ਕਦਮਾਂ ਦੀ

ਰਾਹ ਤੇਰੇ ਤੇ ਚਲੇ ਸਾਡੇ ਕਦਮ

ਨਾ ਤੈਨੂੰ ਸਜਦਾ ਹੀ ਕਰ ਸਕੇ

ਮਿੱਟੀ ਤੇਰੇ ਪੈਰਾਂ ਦੀ ਨੂੰ ਵੱਟੀਆਂ ਘੂਰੀਆਂ

ਹੁਣ ਕਦ ਮਿਲੇਗਾ ਪ੍ਰਦੇਸੀਆ

ਮਹੀਨਾ ਸਾਉਣ ਦਾ ਯਾਦ ਕਰੇ

ਛੇਤੀ ਘਟਾ ਇਹ ਦੂਰੀਆਂ

ਵੇ ਨਾ ਜੋਗੀਆ ਦਿਲ ਸਾਡਾ ਝੂਠ ਬੋਲੇ

ਆਖੇ ਚੰਦਰਾ ਉਡੀਕਾਂ ਹੋਣਗੀਆਂ ਪੂਰੀਆਂ।

## 68. ਜੋਗਣ ਦੀ ਰੀਝ

ਦੂਰ ਤਕ ਨਜ਼ਰ ਮਾਰੀਏ ,

ਨਾ ਕਿਤੇ ਆਸ ਹੀ ਕੋਈ ਨਜ਼ਰ ਆਉਂਦੀ ਹੈ।

ਟਿੱਬਿਆਂ 'ਚ ਬੈਠੈ ਪਿਆਸੇ ਵਾਂਗੂ ,

ਤੇਰੀ ਯਾਦ ਬਹੁਤ ਆਉਂਦੀ ਏ।

ਡੁੱਬ ਨਾ ਜਾਵੇ ਕਿਤੇ ਘੁੱਟ ਨੈਣਾਂ ਦੀ,

ਪੀਣ ਲੱਗੀ ਘਬਰਾਉਂਦੀ ਹੈ।

ਕੀ ਕੀ ਦੱਸਾਂ ਤੈਨੂੰ ਪੁੰਨਿਆ ਦੀ ਰਾਤ,

ਕਿਵੇਂ ਨੀਂਦ ਚਰਾਉਂਦੀ ਏ।

ਚੰਨਾ ਵੇ ਸੁਣ ਮੇਰਿਆ ਚੰਨਾ,

ਜੋਗਣ ਬੈਠੀ ਤੇਰੀਆਂ ਖ਼ੈਰਾਂ ਮਨਾਉਂਦੀ ਏ।

ਈਦ, ਪੁੰਨਿਆ, ਲੋਹੜੀ,ਦੀਵਾਲੀ,

ਹਰ ਦਿਨ ਤੇਰੀ ਰਾਹ ਤਕਾਉਂਦੀ ਏ।

ਖੋਹਲ ਬੂਹਾ ਵੇ ਜਿਉਣ ਜੋਗਿਆ,

ਜੋਗਣ ਖੜੀ ਦਰ ਖੜਕਾਉਂਦੀ ਏ।

'ਚੰਨ' ਵਰਗੀ ਤੇਰੀ ਸੂਰਤ ਮਾਹੀਆ ਵੇ,

ਸਾਨੂੰ ਦੁਨੀਆ ਭੁਲਾਉਂਦੀ ਏ।

ਜਿਥੇ ਜਾਵਾਂ ਤੈਨੂੰ ਲਭੱਣ ਅੱਖੀਆਂ ਮੇਰੀਆਂ,

ਮੁਹੱਬਤ ਤੇਰੀ ਸਾਥੋਂ ਕੀ ਕੀ ਲਿਖਵਾਉਂਦੀ ਏ।

# 69.ਸੂਰਜ ਦੀ ਲ਼ਾ਼ਲੀ

ਨਵੀਂ ਚੜ੍ਹਦੀ ਸਵੇਰ

ਦਾ ਸੂਰਜ ਫਿੱਕਾ ਫਿੱਕਾ ਪਿਆ ਲਗਦਾ ਏ

ਕਿਉਂਕਿ ਇਹਦੀ ਭੱਖਦੀ ਲ਼ਾਲੀ ਨੂੰ

ਤੱਕ ਸਾਨੂੰ ਬਾਹਾਂ ਖਿਲਾਰ

ਦੁਆ ਕਰਨੀ ਪੈਂਦੀ ਏ

ਯਾ ਅੱਲਾ!ਸਾਡੇ ਦਿਲ ਦੇ ਸੂਰਜ ਦੀ

ਉਮੀਂਦਾ ਤੇ ਰੀਝਾਂ ਭਰੀ ਲ਼ਾਲੀ

ਕਿਸਮਤ ਦੇ ਵਿਹੜੇ ‘ਚ

ਆਪ ਚਾਨਣ ਬਿਖੇਰ

ਸਾਡੇ ਬੇਸ਼ੁਮਾਰ ਚਾਵਾਂ ਨੂੰ ਜੀਵਨ ਬਖਸ਼ੇ”।

## 70. ਯਾਦ ਦਾ ਹੜ੍ਹ

ਹੜ੍ਹ ਦਾ ਪਾਣੀ ਲੈ ਜਾਵੇ ਸਭ ਰੋੜ ਕੇ,

ਤੇਰੀ ਯਾਦ ਦਾ ਪਾਣੀ ਲੈ ਆਵੇ ਸਭ ਮੋੜ ਕੇ।

ਨਿੰਮੀ ਵਾਅ ਵਗੀ ਤਾਂ ਤੈਨੂੰ ਯਾਦ ਕੀਤਾ,

ਤੇਜ਼ ਵਾਅ ਲੈ ਜਾਵੇ ਆਲ੍ਹਣੇ ਤੋੜ ਕੇ।

ਦਿਲ ਦਾ ਕੀ ਵਸਾਹ ਕੇ ਜੋਗੀਆ,

ਬਹਿ ਗਿਆਂ ਨਵੇਂ ਰਿਸ਼ਤੇ ਜੋੜ ਕੇ।

ਕਿਵੇਂ ਛੱਡਾਂ ਰਿਸ਼ਤਿਆਂ ਦਾ ਜੰਗਲ,

ਜਦ ਤੱਕ ਤੂੰ ਨਾ ਆਵੇ ਮੋੜ ਤੇ।

ਤੇਰੇ ਲਈ ਤਾਂ ਰੱਬ ਨੂੰ ਝੁਠਲਾਵਾਂ,

ਬਹਿ ਜਾਵਾਂ ਸਭ ਰਿਸ਼ਤੇ ਤੋੜ ਕੇ।

ਪਾਣੀ ਦੀ ਤਿਪ ਡਿੱਗਣ ਤੇ ਮੈਂ ਕੰਬੀ,

ਜਿਵੇਂ ਕੰਬੀ ਸੀ ਤੈਨੂੰ ਦੇਖ ਆਉਂਦਾ ਮੋੜ ਤੇ।

## 71. ਨੈਣਾਂ ਦੀ ਸ਼ਰਾਰਤ

ਚੁੱਪ ਰਹਿ ਕੇ ਵੀ ਨਾ ਚੁੱਪ ਰਹੇ,

ਨੈਣ ਤੇਰੇ ਕਰ ਗਏ ਸ਼ਰਾਰਤ ਜਿਹੀ।

ਕੀਤੇ ਨੈਣਾਂ ਨੇ ਬਥੇਰੇ ਕੌਲ ਕਰਾਰ,

ਪਰ ਹੋਂਠ ਪਾ ਗਏ ਬੁਝਾਰਤ ਜਿਹੀ।

ਦਿਨ ਮਿਲਣ ਦੇ ਆਏ ਪਰ ਤੂੰ ਨਾ ਆਇਆ,

ਅਸੀਂ ਐਵੇਂ ਕੀਤੀ ਸਜਾਵਟ ਜਿਹੀ।

ਤੇਰੇ ਨੈਣਾਂ ਦੇ ਵਾਅਦਿਆਂ 'ਚ ਹੋ ਗਈ,

ਲੀਡਰਾਂ ਦੇ ਵਾਅਦਿਆਂ ਵਾਂਗ ਮਿਲਾਵਟ ਜਿਹੀ।

ਤੂੰ ਆਖੇ ਤਾਂ ਕੀ ਨਾ ਕਰ ਬੈਠਾ,

ਕੁਝ ਨਹੀਂ ਇਹ ਦੁਨੀਆਂ ਦੀ ਰੁਕਾਵਟ ਜਿਹੀ।

ਸੱਚੇ ਪਿਆਰ 'ਚ ਅਸੀਂ ਡੁੱਬੇ,

ਸਮਝੀਂ ਨਾ ਸਾਡੇ ਪਿਆਰ ਨੂੰ ਬਣਾਵਟ ਜਿਹੀ।

## 72. ਪਛਤਾਵਾ

ਚੰਗੀ ਭਲੀ ਹੱਸਦੀ ਖੇਡਦੀ ਸੀ,

ਕੀ ਖੱਟਿਆ ਤੂੰ ਦੁੱਖ ਝੋਲੀ ਵਿੱਚ ਪਾ ਕੇ।

ਓਹਦੇ ਨਾਲ ਇਦੋਂ ਵੱਧ ਹੋਵੇ,

ਜਿਹੜਾ ਖੁਸ਼ ਹੋਇਆ ਵਿਛੋੜਾ ਪਾ ਕੇ।

ਲੋਕਾਂ ਦੀਆਂ ਆਦਤਾਂ ਨੇ ਗੰਦੀਆਂ,

ਦੁਖਾਂ ਦੇਖ ਮਨਾਉਂਦੇ ਨੇ ਲੋਹੜੀ ਜਾ ਕੇ।

ਲੱਭ ਲੈ ਤੂੰ ਟੋਲ ਲੈ ਤੂੰ ਮਿਲਣੀ ਨਾ ,

ਤਸੱਲੀ ਪਹਿਲਾਂ ਜਿਹੀ ਕਿਤੇ ਜਾ ਕੇ।

ਦਿਲ਼ਾਂ ਨੂੰ ਹੁੰਦੇ ਐ ਦਿਲ਼ਾਂ ਦੇ ਰਾਹ,

ਦੇਖ ਲੈ ਦਿਲ ਜਿਥੇ ਮਰਜ਼ੀ ਲਗਾ ਕੇ।

ਲੋਕਾਂ ਦੀਆਂ ਚੁਕਾਂ ਨੇ ਨਾ ਛੱਡਿਆ ਸਾਨੂੰ,

ਬਣ ਗਿਆ ਗੈਰ ਤੂੰ ਲੋਕਾਂ ਵਿੱਚ ਜਾ ਕੇ

ਸੋਚ ਲੈਂਦਾ ਇਕ ਵਾਰੀ ਤੂੰ ਸਾਡੇ ਬਾਰੇ,

ਪਛਤਾਉਣਾ ਨਾ ਪਵੇ ਫਿਰ ਯਾਰ ਗਵਾ ਕੇ।

ਅੱਖਾਂ ਵਿੱਚ ਰੜਕਣ ਲੋਕੀਂ

ਤੁਰ ਗਏ ਨੇ ਪੋਟਲੀ ਗਮਾਂ ਦੀ ਫੜਾ ਕੇ।

ਤੇਰੀ ਲੋਹੜੀ ਹੋਈ ਦੂਣੀ ਚੌਣੀ,

ਕੀ ਮਨਾਈਏ ਲੋਹੜੀ ਯਾਰ ਗਵਾ ਕੇ।

## 73. ਲ਼ਾਲੀ ਨੈਣਾਂ ਦੀ

ਇਹ ਲਾਲੀ ਨੈਣਾਂ ਦੀ ਕਦੇ ਕੁਝ ਕਹਿੰਦੀ

ਕਦੇ ਚੁੱਪ ਰਹਿ ਕੇ ਬਲਦੇ ਦਿਲ ਦੇ

ਅਰਮਾਨਾਂ ਨੂੰ ਛੁਪਾਉਂਦੀ ਰਹੀ,

ਤੇਰੇ ਨੈਣਾਂ ਦੇ ਡੂੰਘੇ ਸਮੁੰਦਰ 'ਚ

ਸਾਡੇ ਅਰਮਾਨਾਂ ਦੀ ਅੱਗ ਵੀ ਬੁਝ ਗਈ।

ਸੇਕ ਤਾਂ ਮੱਠਾ ਮੱਠਾ ਆਉਂਦਾ ਰਿਹਾ

ਪਰ ਰੋਸ਼ਨੀ ਨਾ ਕਿਸੇ ਵੀ ਮੰਜ਼ਿਲ ਦੇ ਰਾਹ ਨੂੰ ਗਈ।

ਪੀ ਕੇ ਮਦਹੋਸ਼ੀ ਤੇਰੇ ਨੈਣਾਂ ਦੀ

ਅਸੀਂ ਨੀਂਦ ਗਵਾ ਲਈ

ਤੇਰੇ ਦਿਲ ਤੇ ਜੇ ਕੋਈ

ਅਸਰ ਹੋਇਆ ਤਾਂ ਲਿਖ ਘੱਲੀ

ਸਾਡੇ ਗਮ ਤਾਂ ਲੰਮੇਰੇ ਹੀ ਹੁੰਦੇ ਗਏ

ਤੇਰੀ ਅਣਹੋਂਦ ਖਟਕਦੀ ਰਹੀ

ਪਰ ਆਸ ਸਦਾ ਤੇਰਾ ਰਾਹ ਤਕਦੀ ਰਹੀ।

ਦਿਲ ਦੇ ਅਰਮਾਨਾਂ ਦਾ ਸੂਰਜ

ਕਰਕੇ ਤਹਿ ਪੈਂਡਾ ਪਿਆਰ ਦਾ

ਛਿਪਣ ਤੋਂ ਪਹਿਲਾ ਇੱਕ 'ਝਾਕਾ'

ਤੇਰੇ ਦੀਦ ਦਾ ਚਾਹੁੰਦਾ ਏ।

ਮੁਹੱਬਤੀ ਕਾਗਜ਼ਾਂ ਤੇ ਕੋਈ ਮੁਲਾਕਾਤ ਦੀ

ਕਲਮ ਨਾਲ ਦੋ ਹਰਫ਼

ਸੁੱਚੇ ਹੱਥਾਂ ਨਾਲ ਜੇ ਲਿਖੇ

ਉਮਰ ਭਰ ਉਹਨਾਂ ਹੱਥਾਂ ਦੀ

ਕਾਰਗੁਜ਼ਾਰੀ ਦੇ ਸ਼ੁਕਰਗੁਜਾਰ ਰਹਾਂਗੇ।

ਬਣ ਕੇ ਇੱਕ ਨਿਸ਼ਾਨੀ ਮੁਹੱਬਤ ਦੀ

ਹਰਫ਼ ਉਹ ਸੀਨਾ ਮੇਰਾ ਉਲਫ਼ਤ ‘ਚ ਠਾਰਨਗੇ

ਉਹ ਹਰਫ਼ ਠੰਡੇ ਤਾਂ ਨਹੀਂ

ਉਹਨਾਂ ਚੋਂ ਤਾਂ ਜਵਾਨੀ ਦੀ

ਭੱਠੀ ਦਾ ਡਾਢਾਂ ਸੇਕ ਆਉਂਦਾ ਏ1

ਪਰ ਅੱਗ ਹੀ ਅੱਗ ਨੂੰ ਠਾਰ ਦੇਵੇਗੀ

ਲਿਖਣਾ ਕੰਮ ਨਹੀਂ ਸੀ ਸੁਖਾਲਾ

ਪਰ ਅੱਜ ਤੇਰੀ ਖਾਤਰ

ਸਭ ਹੋ ਗਿਆ ਇੰਜ ਜਿਵੈਂ

ਮੁੱਦਤ ਬਾਅਦ ਕੋਈ ਸੱਜਣ

ਗਵਾਚਾ ਮਿਲ ਗਿਆ ਹੋਵੇ ਤੇ

ਹੀਰ ਨੂੰ ਜੋਗੀ ਮਿਲ ਗਿਆ ਹੋਵੇ

ਹੀਰ ਜੋਗਣ ਬਨਣ ਖਾਤਰ ਕੀ ਨਹੀਂ ਕਰ ਸਕਦੀ

ਪਰ ਆਪਣੇ ਰਾਂਝੇ ਦੀ ਜੋਗਣ ਬਨਣਾ

ਹਰ ਕਿਸੇ ਦੇ ਨਸੀਬ ‘ਚ ਕਿਥੇ ਹੁੰਦੈ?

## 74. ਸਿਲਸਿਲਾ

ਯਾਦਾਂ ,ਉਡੀਕਾਂ ਦਾ ਸਿਲਸਿਲਾ

ਚਿੱਠੀਆਂ , ਮੁਲਾਕਾਤਾਂ ਤੋਂ ਡੂੰਘਾ

ਤੇ ਲੰਮੇਰਾ ਹੁੰਦਾ ਏ!

ਅਸਾਂ ਉਡੀਕ ਕੀਤੀ ,ਤੈਨੂੰ ਯਾਦ ਕੀਤਾ

ਫਰ ਤੂੰ ਤੇ ਭੁੱਲ ਗਿਆ

ਨੈਣਾਂ ਦੇ ਸੁਪਨਿਆਂ ਦੀਆਂ ਬਾਤਾਂ

ਬਿੰਦੇ ਬਿੰਦੇ ਝਪਕਦੀਆਂ ਅੱਖਾਂ ਦੇ ਵਾਅਦੇ

ਨਿੰਮੀ ਨਿੰਮੀ ਮੁਸਕਰਾਹਟ ਖਿੜਾਉਂਦੇ

ਬੁੱਲਾਂ ਦੇ ਕਰਾਰ

ਸਾਨੂੰ ਤੇ ਯਾਦ ਨੇ

ਮਿੱਠੇ ਮਿੱਠੇ ਹਾਸੇ ਤੇ

ਹੱਸ ਹੱਸ ਪਾਈਆਂ ਨੀਵੀਆਂ

ਤੇ ਗਲੀ ਦੇ ਮੋੜ ਤੇ ਖੜਣਾ

ਜਿਵੇਂ ਸੂਰਜ ਧਰਤੀ ਦੀ ਉਡੀਕ ‘ਚ

ਅੰਬਰ ਦੀ ਝੋਲੀ ਰੋਜ਼ ਆ ਬੈਠਦਾ ਏ ਤੇ

ਤਿਰਕਾਲੀ ਉਸ ਤੋਂ ਵੀ ਨਵੀਂ ਨਕੋਰ ਆਸ ਲੈ ਕੇ

ਅਗਲੇ ਦਿਨ ਆਉਣ ਦੀ ਸੋਚਦਾ ਏ।

## 75. ਰਾਹ

ਖੁਸ਼ੀ ਵਿਹੜੇ ਆ ਕੇ ਮੁੜ ਗਈ,

ਤੂੰ ਸ਼ਹਿਰ ਆ ਕੇ ਜਦੋਂ ਮੁੜ ਗਿਆ।

ਹੰਝੂ ਪਲਕਾਂ ਤੇ ਆ ਕੇ ਰੁਕ ਗਏ,

ਸੁਨੇਹਾ ਤੇਰਾ ਸਾਨੂੰ ਮਿਲ ਗਿਆ।

ਦਿਨ ਲੰਘਦੇ ਗਏ ਪਹਿਲਾਂ ਵਾਂਗ ਹੀ,

ਰਾਤ ਦਾ ਹਨੇਰਾ ਅੱਖਾਂ 'ਚ ਖੜ ਗਿਆ।

ਅਸੀਂ ਰੋ ਵੀ ਸ਼ਰੇਆਮ ਨਾ ਸਕੇ,

ਦਿਲ ਰੋ ਰੋ ਕੇ ਚੁੱਪ ਹੋ ਵੀ ਗਿਆ।

ਮੰਜ਼ਿਲ ਅਸਾਡੀ ਦਾ ਪਤਾ ਨਹੀਂ

ਰਾਹੀ ਕਿਹੜੇ ਰਾਹ ਤੇ ਛੱਡ ਗਿਆ।

## 76. ਰੀਨਾ ਲਈ

ਉੱਡ ਜਾਣ ਨੂੰ ਅੰਬਰ ਨਾ ਲੱਭੇ

ਬੋਲ ਉਠੀਆਂ ਅੱਖੀਆਂ ਸਮੁੰਦਰ ‘ਚ ਡੁੱਬ ਜਾਹ

ਨਹੀਂ ਲਭਿਆ ਕਿਨਾਰਾ ਤਾਂ

ਤਰਦੀ ਜਾਂ ਡਗਮਗਾਉਂਦੀ ਕਿਸ਼ਤੀ ਨੂੰ ਹੱਥ ਪਾ

ਰੋਜ਼ ਉੱਠਦੇ ਨੇ ਜੋ ਵੱਲਵਲੇ

ਧੋ ਕੇ ਸਿਆਹੀ ਨਾਲ ਲਫ਼ਜ਼ਾਂ ਦਾ ਜਾਮਾ ਪਾ

ਡੂੰਘੇ ਖੂਹ ਤੇ ਆਸ ਲਾ ਨਾ ਬੈਠ

ਉੱਠ ਆਪ ਪਾਣੀ ਦੀ ਤਲਾਸ਼ ‘ਚ ਜਾ

ਮਿੱਟ ਜਾਣਗੇ ਨਿਸ਼ਾਨ ਪੈਨਸਿਲਾਂ ਸਿਆਹੀਆਂ ਦੇ

ਨਹੀਂ ਮਿੱਟਣੇ ਨਾ ਮੁਹੱਬਤ ਦੇ ਨਿਸ਼ਾਨ ਪਾ

ਜਾਣਦੈ ਜੇ ਘੋਖਣਾ ਤੂੰ ਸ਼ਬਦਾਂ ਦੇ ਚਿਹਰੇ,

ਐਵੇਂ ਜਿਲਦਾਂ ਨੂੰ ਤੱਕ ਤੱਕ ਨਾ ਸਮਾ ਗਵਾ

ਰੰਗ ਤੇਰੇ’ਚ ਉਦਾਸ ਸ਼ੋਖੀ ਦਾ ਹੈ ਭੜਕਦਾ

ਸੋਚ ਆਪਣੀ  ਨੂੰ ਕਿਸੇ ਨਵੀਂ ਲੀਹ ਤੇ ਪਾ।

## 77. ਬੇਰੰਗ ਦੁਨੀਆ

ਰੰਗਾਂ ਦੇ ਇਸ ਬਜ਼ਾਰ 'ਚ

ਚਿਹਰਿਆਂ ਦੇ ਰੰਗ ਤਾਂ

ਇਕੋ ਜਿਹੇ ਨੇ, ਕੁਝ ਕੁ ਮਜਬੂਤ ਤੇ

ਦ੍ਰਿੜ ਇਰਾਦੇ ਵਾਲੇ

ਆਪਣੀ ਹੋਂਦ ਨੂੰ

ਕਾਇਮ ਰੱਖਣ ਲਈ ਯਤਨਸ਼ੀਲ ਤੇ

ਬੇਰੰਗ ਅੱਖਾਂ 'ਚ ਆਪਣਾ

ਪਰਛਾਵਾਂ ਦਿਖਾਉਣ ਵਾਲੇ

ਕੁਝ ਕੁ ਬਾਹਰੀ ਪਾਲਿਸ਼ ਵਾਲੇ

ਤੇ ਇਕੋ ਬੂੰਦ ਨਾਲ ਪਿਘਲਣ ਵਾਲੇ

ਤੇ ਕੁਝ ਕੁ ਨਾਜ਼ੁਕ ਤੇ ਕੱਚੇ ਰੰਗਾਂ ਵਾਲੇ

ਮੁਹੱਬਤ ਦੀ ਨਿਵੇਕਲੀ ਸਵਾਂਤੀ ਬੂੰਦ ਨੂੰ

ਆਪਣੇ 'ਚ ਸਮੋਣ ਵਾਲੇ

ਇਹਨਾਂ ਰੰਗਾਂ ਦੀ ਭੀੜ 'ਚ ਕਿਤੇ

ਚਿਹਰੇ ਤੇ ਛਿੱਟ ਨਾ ਪਵੇ

ਇਸ ਲਈ ਕੱਚੇ ਗੂੜੇ ਰੰਗਾਂ ਤੋਂ

ਪਰ੍ਹਾਂ ਹੀ ਰਹਿਣਾ ਪਵੇਗਾ

ਇਸ਼ਕ ਬੂੰਦਾਂ ਜ਼ਹਿਰ ਦੀਆਂ

ਘੁੱਲੀ ਇਸ ਵਿੱਚ ਮਗ਼ਰੂਰੀ

ਕਰਕੇ ਸਜਦਾ ਹੁਸਨ ਦਰਵਾਜ਼ੇ

ਹੋਈ ਗਲੀ ਸ਼ਹਿਰ ਵਿੱਚ ਮਸ਼ਹੂਰੀ

ਅੱਖਾਂ ਤੱਕ ਅੱਖਾਂ ਖੁੱਲੀਆਂ

ਸਹੀ ਨਾ ਜਾਵੇ ਅੱਖਾਂ ਤੋਂ ਇਹ ਦੂਰੀ

ਨਾ ਨਹੀਂ ਲਿਖਣਾ ਚਿੱਠੀ ਵਿੱਚ

ਇਹੋ ਤੇਰੀ ਮਜਬੂਰੀ।

## 78. ਵਾਅਦਾ

ਮੇਰਾ ਵਾਅਦਾ ਸੀ ਗਰੀਬੀ ਵਰਗਾ

ਜਿਹੜਾ ਤਨ ਤੇ ਲੀਰਾਂ ਪਾ ਆਂਦਰਾਂ ਦੀ

ਤੜਪ ਮਿਟਾਉਣ ਲਈ ਸੱਮਗਰੀ ਮੰਗਦਾ

ਹਮੇਸ਼ਾ ਆਪਣੇ ਪੱਧਰ ਤੋਂ ਨੀਵਾਂ ਹੁੰਦਾ ਗਿਆ

ਦਾਅਵੇ ਤਾਂ ਕੀਤੇ ਵਫ਼ਾ ਕਰਨ ਦੇ

ਪਰ ਮਜ਼ਬੂਰੀ ਦੀਆਂ ਹੜਤਾਲਾਂ ਨੇ

ਹੁਸਨ ਦੀ ਸਰਕਾਰ

ਦੇ ਮੰਤਵ ਪੂਰੇ ਨਾ ਹੋਣ ਦਿੱਤੇ

ਮੇਰੇ ਇਸ ਗਰੀਬੀ ਮਾਰੇ ਵਾਅਦੇ

ਨੂੰ  ਚੰਗਾ ਨਹੀਂ ਲਗਦਾ

ਦਿਨ ਭਰ ਦੀ ਥਕਾਵਟ ਤੋਂ ਬਾਅਦ ਦਿਹਾੜੀ

'ਚ ਬੰਦਸ਼ਾਂ ਹਾਸਲ ਕਰਨਾ

ਨਾ ਹੀ ਮੈਨੂੰ ਚੰਗਾ ਲਗਦਾ ਕਿ

ਇੱਕ ਵਾਅਦੇ ਨੂੰ ਮੈਂ ਵਫ਼ਾ ਦੀ ਉਂਗਲ ਨਾ ਫੜਾਵਾਂ

ਨਾ ਹੀ ਮੈਨੂੰ ਚੰਗਾ ਲਗਦੈ ਕਿ

ਮੇਰਾ ਵਾਅਦਾ ਤੇਰੇ ਅਣਕੀਤਿਆਂ ਵਾਅਦਿਆਂ

ਦੀ ਝਾਕ 'ਚ ਬੈਠਾ

ਉਦਾਸੀ ਦੇ ਫੁੱਟਪਾਥ ਤੇ ਭੁੱਖਾ ਹੀ ਸੌਂ ਜਾਵੇ।

ਮੈਨੂੰ ਤਾਂ ਚੰਗਾ ਲਗਦੈ ਕਿ ਮੇਰੇ ਵਾਅਦੇ

ਨੂੰ ਤੇਰੀ ਇੰਤਜ਼ਾਰ ਕੀਤੇ ਬਿਨਾਂ

ਤੇਰੇ ਸਜਰੇ ਤੇ ਰਸੀਲੇ ਵਾਅਦੇ ਦਾ ਸਾਥ ਹਾਸਲ ਹੋਵੇ

ਤੇ ਮੇਰਾ ਵਾਅਦਾ ਤੇਰਾ ਵਾਅਦਾ ਬਣ ਜਾਵੇ

ਇੱਕ ਵਾਅਦਿਆਂ ਲੱਦੀ

ਮੁਲਾਕਾਤ ਤੋਂ ਬਾਅਦ

ਮੈਂ ਨਹੀਂ ਚਾਹੁੰਦੀ ਕਿ ਮੇਰੇ ਵਾਅਦੇ ਨੂੰ

ਹਾਲਾਤਾਂ ਦੀ ਸਿੱਲੀ ਹਵਾ

ਜੰਗਾਲ ਲਾ ਦੇਵੇ

ਤੇ ਜੰਗਾਲਿਆਂ ਵਾਅਦਾ ਤੇਰੀਆਂ

ਰੀਝਾਂ ਦੇ ਮੇਚ ਨਾ ਆਵੇ

ਫਿਰ ਵਾਅਦਿਆਂ ਦੀ ਖੁਰਦਰੀ ਸਤਾ ਕਾਰਨ

ਅਸੀਂ ਦੂਰੀਆਂ ਦਾ ਸੰਤਾਪ ਹੰਢਾਈਏ

ਫਿਰ ਵੀ ਮੇਰਾ ਵਾਅਦਾ ਤੇਰੇ ਨਾਲ ਕਿ

ਇੰਨਾਂ ਦੂਰੀਆਂ ਦੇ ਦਰਖਤ ਕੱਟਣ ਲਈ

ਮੈਂ ਖੁਦ ਕੁਹਾੜੀ ਬਣਾਂਗੀ।

## 79. ਡੋਲਦਾ ਮਨ

ਕਾਲੇ ਬੱਦਲਾਂ ਨਾਲ ,

ਮੇਲ ਖਾਂਦੇ ਸੱਪਾਂ ਦੇ ਰੰਗ।

ਸਾਂਝ ਦੋਹਾਂ ਰੰਗਾਂ ਦੀ,

ਜਾਂਦੀ ਦਿਲ ਨੂੰ ਡੰਗ।

ਵੇਖ ਬੱਦਲ ਮੋਰ ਬੋਲੇ,

ਸਿਆਹੀ ਹੋਇਆ ਰੰਗ।

ਮਾਨਣ ਲਈ ਘਟਾਵਾਂ ਦਾ ਰੂਪ,

ਜੋਗੀ ਆਇਆ ਮੋਰਾਂ ਸੰਗ।

ਜੋਗੀ ਨਸ਼ੇ ‘ਚ ਬੀਨ  ਵਜਾਈ,

ਸੱਪਾਂ ਵਟਾਏ ਰੰਗ।

ਜੋਗੀ,ਸੱਪ ਤੇ ਮੋਰ,

ਗਾਉਂਦੇ ਤੱਕ ਕੇ ਬੱਦਲਾਂ ਦੇ ਰੰਗ।

ਮੌਕਾ ਦੇਖ ਕੇ ਬੀਨ ਬਜਾਈ,

ਨਿਰਾਲਾ ਜੋਗੀਆ ਦਾ ਢੰਗ।

ਬੀਨ ਦੀ ਸੁਰ ‘ਚ ਗਵਾਚੇ,

ਜੋਗੀ ਦੇ ਬਲਦੇ ਨੈਣ ਗਏ ਡੰਗ।

ਪੀ ਕੇ ਨੈਣਾਂ ‘ਚੋਂ ਖੁਮਾਰੀ,

ਅੱਡੀਆਂ ਨੱਚੀਆਂ ਛਣਕੀ ਵੰਗ।

ਹਵਾ ਦਾ ਸ਼ੋਰ ਤੇ ਖੜ ਖੜ,

ਕੀਤਾ ਚੈਨ ਮਨ ਦਾ ਭੰਗ।

ਛੱਡ ਕੇ ਦੁਨੀਆਂ ਮਾਨ ਲੈ ਨਜ਼ਾਰੇ,

ਸਮਾਂ ਸੁਹਾਵਣਾ ਨਾ ਜਾਵੇ ਲੰਘ।

## 80. ਅਣਲਿਖੀਆਂ ਚਿੱਠੀਆਂ

ਅੱਖਰਾਂ ਦੀ ਦੁਨੀਆ ਤੋਂ ਪਰ੍ਹਾਂ

ਕਈ ਅਵਾਜ਼ਾਂ ਨੇ

ਅਵਾਜ਼ਾਂ ਵੀ ਧੀਮੀਆਂ ਠੰਡੀਆਂ ਨਸ਼ੀਲੀਆਂ

ਸੁਰੀਲੀਆਂ ਜਿੰਨਾਂ ਦੀ ਇੱਕ ਨਿਵੇਕਲੀ

ਦੁਨੀਆਂ ਏ,

ਤੋੜ ਕੇ ਨਾਤਾ ਅੱਖਰਾਂ ਤੋਂ

ਬਦਲਾਂ ਦੀ ਆਮਦ ਤੇ ਸ਼ਰਮਾ ਸ਼ਰਮਾ

ਗਿਲੇ ਸ਼ਿਕਵੇ ਕਰਦੀਆਂ ਹਵਾਵਾਂ ਦੀ

ਗੁਫ਼ਤੁਗ਼ੂ ਦੀ ਸੁਰ 'ਚੋਂ

ਲੱਭਣ ਲਈ ਗਵਾਚੇ

ਅਰਮਾਨਾਂ ਦੇ ਬੋਲ ਠੰਡੀਆਂ ਬੂੰਦਾਂ ਨੂੰ

ਗਲੇ ਲਾ ਬੱਦਲਾਂ ਦੀਆਂ

ਹਵਾਵਾਂ ਦੇ ਨਾਂ

ਅਣਲਿਖੀਆਂ ਚਿੱਠੀਆਂ ਦੀ ਸਿਆਹੀ

ਦੀ ਮਹਿਕ ਲਈ ਤੇ

ਕੋਸ਼ਿਸ਼ ਕੀਤੀ ਬੇਰੰਗ ਸਿਆਹੀ ਦੀ

ਗਿਲੇ ਕਾਗਜ਼ਾਂ ਤੇ ਇੱਕ ਬੂੰਦ ਪਾ ਤੇਰਾ ਨਾਂ

ਬਣਾਈਏ ਤੇ ਫਿਰ ਤਲਾਸ਼ੀਏ ਤੇਰੇ ਨਾਂ ਦੇ

ਅੱਖਰਾਂ ਦੀ ਗੁਲਾਈ ‘ਚੋਂ ਆਪਣੇ ਨਾਂ ਦੇ

ਅੱਖਰਾਂ ਦੇ ਪ੍ਰਛਾਵੇਂ ,

ਪ੍ਰਛਾਵੇਂ ਜਿੰਨਾਂ ਤੇ ਛਾਂ ਏ

ਤੇਰੇ ਨਾਂ ਦੀ ਜਿੰਨਾਂ ਨੂੰ ਅਮਰਵੇਲ ਵਾਂਗੂ

ਆਸਰਾ ਏ ਤੇਰਾ

ਜਿਹਨਾਂ ਦੀ ਹੋਂਦ ਦੇ ਥੰਮਾਂ ਨੂੰ

ਤੇਰੇ ਨਾਂ ਤੇ ਮਾਨ ਹੈ।

## 81. ਦੋਸਤੀ ਦੇ ਸ਼ਬਦ

ਲਫਜ਼ ਮੋਹ ‘ਚ ਲਿਬਰੇਜ਼

ਅੱਖਾਂ ਪਿਆਸ ਨਾਲ ਸੁੱਕੀਆਂ

ਹੋਂਠ ਬੋਲਾਂ ਤੋਂ ਸੱਖਣੇ

ਸਾਹ ਬੇਗਾਨੀ ਹਵਾ ਤੋਂ ਘੁੱਟੇ ਘੁੱਟੇ,

ਤੇ ਦਿਲ ਮੁਹੱਬਤ ਮਾਰਿਆ

ਮੇਰੇ ਦਿਲ ‘ਚ ਲਫ਼ਜਾਂ ਦਾ ਜਾਲ ਪਿਆ

ਜਾਲ ‘ਚੋਂ ਨਿਕਲਦੇ ਹੀ

ਅੱਖਾਂ ਦਾ ਜਾਦੂ ਕੀਲ ਗਿਆ

ਬੇਬਸ ਹੋਂਠ ਸਾਹਾਂ ਨੂੰ ਚੁੱਪ ਕਰਾ

ਰੰਗਾਂ ਦੇ ਪ੍ਰਛਾਵਿਆਂ ‘ਚ ਗਵਾਚੇ

ਚੁੱਪ ਸਾਹ ,ਸਾਹ ਰਸ ਦੀ ਭੀੜੀ ਗੁਫਾ ‘ਚ

ਹਉਕਾ ਬਣ ਅਟਕ ਖਿਆਲਾਂ ਦੇ ਹਾਣ ਦੀ

ਹਵਾ ਨੂੰ ਉਡੀਕਦਾ ਰਿਹਾ

ਮੁਲੰਮੇ ਵਾਲੇ ਚਿਹਰੇ

ਪਿਉਂਦ ਕੀਤੀਆਂ ਸੋਚਾਂ ਦੇ

ਪਾਲਿਸ਼ ਕੀਤੇ ਸ਼ਬਦ

ਦੋਸਤੀ ਦੀ ਨਦੀ ‘ਚ  ਨਾ ਰਲ ਸਕੇ

ਸਮੇਂ ਬਰਾਬਰ ਚਲਦੇ ਕਦਮਾਂ ਦੀ

ਸ਼ਾਤ ਅਵਾਜ਼ ਦੇ ਪਰੱਪਕ ਸੰਗੀਤ ਦੀ ਆਹਟ

‘ਚ ਹੀ ਗੀਤਾਂ ਦੇ ਮੁਖੜੇ

ਵਰਗਾ ਚਿਹਰਾ ਲੱਭਾ

ਚਿਹਰੇ ਤੇ ਪੈਂਦੇ

ਦਰਦ ,ਸ਼ਿਕਨ ਉਦਾਸੀਆਂ ਦੇ ਆਲ੍ਹਣੇ

ਤੇ ਆਲ੍ਹਣਿਆਂ ‘ਚ

ਸਾਝਾਂ ਦੀ ਘੁੱਗੀ ਰੰਗੇ ਪ੍ਰਭਾਵ।

## 82. ਯਾਦਾਂ

ਕੁਝ ਯਾਦਾਂ ਹੁੰਦੀਆਂ ਨੇ ਜੇਲ੍ਹ ਵਰਗੀਆਂ ਕੁਝ ਯਾਦਾਂ ਹੁੰਦੀਆਂ ਨੇ ਜੇਲ੍ਹ ਵਰਗੀਆਂ ਜਿੰਨਾਂ ਦੀਆਂ ਕੰਧਾਂ ਪਿੱਛੇ ਅਸੀਂ ਬੇਗੁਨਾਹ ਤੇ ਬੇਕਸੂਰ ਹੁੰਦੇ ਵੀ ਆਪਣੇ ਆਪ ਨੂੰ ਕੈਦ ਕਰ ਲੈਂਦੇ ਹਾਂ।

ਕੁਝ ਯਾਦਾਂ ਹੁੰਦੀਆਂ ਨੇ ਕੱਚ ਵਰਗੀਆਂ ਜਿਹੜੀਆਂ ਪਵਿੱਤਰ ਤੇ ਸੁੱਚੀਆਂ ਹੁੰਦੀਆਂ ਨੇ, ਪਰ ਜੇ ਜ਼ਿਹਨ 'ਚ ਖੁੱਭ ਜਾਣ ਤਾਂ ਲਹੂ-ਲੁਹਾਣ ਕਰ ਦਿੰਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਪਾਣੀ ਵਰਗੀਆਂ ਜਿਸ 'ਚੋਂ ਜ਼ਿੰਦਗੀ ਦਾ ਪੜ੍ਹੀਬਿੰਬ ਸਾਫ਼ ਦਿਸਦਾ ਏ ਪਰ ਮਾਰੂਥਲ 'ਚ ਰਹਿਣ ਵਾਲਿਆਂ ਨੂੰ ਪਾਣੀ ਕਿੱਥੇ ਨਸੀਬ ਹੁੰਦਾ ਹੈ।

ਕੁਝ ਯਾਦਾਂ ਹੁੰਦੀਆਂ ਨੇ ਪਹਿਲੇ ਪਿਆਰ ਵਰਗੀਆਂ ਜਿਹੜੀਆਂ ਕੋਸ਼ਿਸ਼ ਕਰਕੇ ਵੀ ਨਹੀਂ ਭੁਲਾਈਆਂ ਜਾਦੀਆਂ।

ਕੁਝ ਯਾਦਾਂ ਹੁੰਦੀਆਂ ਨੇ ਉਹਨਾਂ ਪੰਛੀਆਂ ਵਰਗੀਆਂ ਜਿਹੜੇ ਖੰਭਾਂ ਦੇ ਹੁੰਦੇ ਹੋਏ ਵੀ ਅਜ਼ਾਦ ਨਹੀਂ ਹੁੰਦੇ।

ਕੁਝ ਯਾਦਾਂ ਹੁੰਦੀਆਂ ਨੇ ਗਿੱਲੀ ਮਿੱਟੀ ਵਰਗੀਆਂ ਜਿਹਨਾਂ ਤੋਂ ਸੁਪਨੇ ਬਣਾਏ ਜਾ ਸਕਦੇ ਨੇ,ਪਰ ਜ਼ਮਾਨੇ ਦੀ ਇੱਕੋ ਠੋਕਰ ਹੀ ਤੋੜ ਦਿੰਦੀ ਏ ਸਜੇ ਸਜਾਏ ਸੁਪਨਿਆਂ ਨੂੰ।

ਕੁਝ ਯਾਦਾਂ ਹੁੰਦੀਆਂ ਨੇ ਬੀਜਾਂ ਵਰਗੀਆਂ ਜਿਹੜੀਆਂ ਹਾਲਾਤਾਂ ਨਾਲ ਪੁੰਗਰਦੀਆਂ ਨੇ ਤੇ ਹਾਲਾਤਾਂ ਨਾਲ ਮੁਰਝਾ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਫੁੱਲਾਂ ਵਰਗੀਆਂ ਜਿਹੜੀਆਂ ਆਪਣੀ ਮਹਿਕ ਨਾਲ ਸਾਡੇ ਸਾਹ ਮਹਿਕਾਉਂਦੀਆਂ ਹਨ।

ਕੁਝ ਯਾਦਾਂ ਹੁੰਦੀਆਂ ਨੇ ਸ਼ਹਿਦ ਵਰਗੀਆਂ ਜਿਸ ਦੀ ਮਿਠਾਸ ਯਾਦ ਕਰ ਮਾਖੋਂ ਚੋਣ ਨੂੰ ਜੀਅ ਕਰਦਾ ਏ,ਪਰ ਡੰਗ ਮਰਵਾਏ ਬਿਨਾਂ ਸ਼ਹਿਦ ਵੀ ਤੇ ਨਸੀਬ ਨਹੀਂ ਹੁੰਦਾ।

ਕੁਝ ਯਾਦਾਂ ਹੁੰਦੀਆਂ ਨੇ ਜੋਗੀਆਂ ਵਰਗੀਆਂ ਜਿਹਨਾਂ ਦੇ ਹੱਥ 'ਚ ਠੂਠਾ ਤੇ ਬੀਨ ਹੁੰਦੀ ਏ ਤੇ ਪਹਿਨਣ ਲਈ ਇੱਕੋ ਰੰਗ ਦਾ ਜੋਗੀਆ ਲਿਬਾਸ।

ਕੁਝ ਯਾਦਾਂ ਹੁੰਦੀਆਂ ਨੇ ਸਮੁੰਦਰ ਜਿਹੀਆਂ ਜਿਨ੍ਹਾਂ 'ਚ ਸਾਡੇ ਲੱਖਾਂ ਸੁਪਨੇ ਗਵਾਚ ਜਾਂਦੇ ਨੇ ਤੇ ਲੱਖਾਂ ਨਵੇਂ ਸੁਪਨੇ ਲੱਭ ਪੈਂਦੇ ਨੇ।

ਕੁਝ ਯਾਦਾਂ ਹੁੰਦੀਆਂ ਨੇ ਸੁਪਨਿਆਂ ਵਰਗੀਆਂ ਬੰਦ ਅੱਖਾਂ ‘ਚ ਹਕੀਕਤ ਨਜ਼ਰ ਆਉਣ ਵਾਲੀਆਂ ,ਅੱਖ ਖੁਲ੍ਹਣ ਤੇ ਹੱਥਾਂ ‘ਚੋਂ ਰੇਤ ਕਿਰ ਜਾਂਦੀ ਹੈ।

ਕੁਝ ਯਾਦਾਂ ਹੁੰਦੀਆਂ ਨੇ ਮਿੱਟੀ ਵਰਗੀਆਂ ਜਿਹੜੀਆਂ ਸਾਡੀ ਜ਼ਿੰਦਗੀ ਬਣਾਉਂਦੀਆਂ ਨੇ ਪਰ ਕਾਰੀਗਰ ਸੁੱਚਾ ਤੇ ਲਗਨ ਵਾਲਾ ਹੋਵੇ ਤਾਂ ਇਮਾਰਤ ਵੀ ਸ਼ਾਨਦਾਰ ਬਣਦੀ ਏ।

ਕੁਝ ਯਾਦਾਂ ਹੁੰਦੀਆਂ ਨੇ ਕਿਤਾਬਾਂ ਵਰਗੀਆਂ ਜਿਹਨਾਂ ਨੂੰ ਵਾਰ ਵਾਰ ਪੜ੍ਹ ਕੇ ਹੀ ਅਸੀਂ ਉਹਨਾਂ ਵਿਚੋਂ ਬਹੁਤਾ ਕੁਝ ਲੱਭ ਸਕਦੇ ਹਾਂ।

ਕੁਝ ਯਾਦਾਂ ਹੁੰਦੀਆਂ ਨੇ ਕਲਮ ਵਰਗੀਆਂ ਜਿੰਨਾਂ ਚਿਰ ਅਸੀਂ ਚਾਹਾਗੇ ਓਨਾ ਚਿਰ ਸਾਥ ਨਿਭਾਉਣਗੀਆਂ।

ਕੁਝ ਯਾਦਾਂ ਹੁੰਦੀਆਂ ਨੇ ਉਸ ਯਾਦ ਵਰਗੀਆਂ ਜਿਸ ਨੂੰ ਯਾਦ ਕਰਕੇ ਕਈ ਪੁਰਾਣੀਆਂ ਯਾਦਾਂ ਯਾਦ ਆ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਪੱਛੋ ਦੀ ਪੌਣ ਵਰਗੀਆਂ ਪਤਾ ਨਹੀਂ ਕਦੋਂ ਜ਼ਿਹਨ ‘ਚ ਆ ਕੇ ਮੁੜ ਵੀ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਲਹਿਰਾਂ ਵਰਗੀਆਂ ਹੁੰਦੀਆਂ ਨੇ , ਬੇਹਾਤਾਸ਼ਾ ਜੋਸ਼ ਭਰੀਆਂ ਕੰਢਿਆਂ ਤੇ ਟਕਰਾ ਕੇ ਉਮੀਦ ਹੋ ਮੁੜ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਸੱਪਾਂ ਵਰਗੀਆਂ ਹੁੰਦੀਆਂ ਨੇ ਜਿਹਨਾਂ ਦੀ ਜ਼ਹਿਰ ਉਮਰ ਭਰ ਨਹੀਂ ਲਥੱਦੀ ਤੇ ਸੱਪ ਦੇ ਡੰਗੇ ਦਾ ਇਲਾਜ ਵੀ ਕੋਈ ਨਹੀਂ।

ਕੁਝ ਯਾਦਾਂ ਹੁੰਦੀਆਂ ਨੇ ਮੋਰਾਂ ਵਰਗੀਆਂ ਜਿਹੜੀਆਂ ਸਾਉਣ ਦੇ ਮੀਂਹ ਦੀ ਉਡੀਕ ‘ਚ ਦਿਲ ‘ਚ ਪੈਲਾਂ ਪੈਲਾਂ ਪਾ ਪਾ ਥੱਕ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ ਅਫ਼ੀਮ ਵਰਗੀਆਂ ਹੁੰਦੀਆਂ ਨੇ ਜਿਸ ਦਾ ਨਸ਼ਾ ਜ਼ਿਹਨ ‘ਚ ਘਰ ਕਰ ਜਾਂਦਾ ਏ ਤੇ ਜਿਨਾਂ ਤੋਂ ਪਿੱਛਾ ਛਡਾਉਣਾ ਬੜਾ ਮੁਸ਼ਕਲ ਹੁੰਦਾ ਏ।

ਕੁਝ ਯਾਦਾਂ ਹੁੰਦੀਆਂ ਨੇ ਘਰ ਦੀ ਕੱਢੀ ਸ਼ਰਾਬ ਵਰਗੀਆਂ ਹੁੰਦੀਆਂ ਨੇ ਜਿਸ ਦਾ ਮੁਕਾਬਲਾ ਅੰਗਰੇਜ਼ੀ ਸ਼ਰਾਬ ਨਹੀਂ ਕਰ ਸਕਦੀ ਏ।

ਕੁਝ ਯਾਦਾਂ ਹੁੰਦੀਆਂ ਨੇ  ਨਵੇਂ ਸਾਲ ਵਰਗੀਆਂ ਜਿਹੜੀਆਂ ਥੋੜੇ ਚਿਰ ਮਗਰੋਂ ਪੁਰਾਣੀਆਂ ਹੋ ਜਾਂਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ  ਲੋਹੜੀ ਵਰਗੀਆਂ ਹੁੰਦੀਆਂ ਨੇ  ਜਿਹਨਾਂ 'ਚ ਸਾਡੇ ਪਿਆਰ ਦੇ ਸਾਰੇ ਗਿਲੇ-ਸ਼ਿਕਵੇ ਰਾਖ ਹੋ ਜਾਂਦੇ ਹਨ।

ਕੁਝ ਯਾਦਾਂ ਹੁੰਦੀਆਂ ਨੇ  ਦੀਵਾਲੀ ਵਰਗੀਆਂ ਜਿਹਨਾਂ ਦੀ ਉਡੀਕ 'ਚ ਅਸੀਂ ਆਸਾਂ ਦੇ ਦੀਵੇ ਬਾਲ ਕੇ ਜਾਂਦੇ ਹਾਂ।

ਕੁਝ ਯਾਦਾਂ ਹੁੰਦੀਆਂ ਨੇ  ਧਾਗਿਆਂ ਵਰਗੀਆਂ ਜਿਹੜੀਆਂ ਸੁਪਨੇ ਉਣਦੀਆਂ ਨੇ ਤੇ ਕਦੇ ਕਦੇ ਰੀਤਾਂ ਦੀ ਕੈਂਚੀ ਸੁਪਨਿਆਂ ਦੇ ਧਾਗਿਆਂ ਦੀ ਬਣੀ ਫੁਲਕਾਰੀ ਲੀਰੋ-ਲੀਰ ਕਰ ਦਿੰਦੀ ਹੈ।

ਕੁਝ ਯਾਦਾਂ ਹੁੰਦੀਆਂ ਨੇ  ਸਿਆਹੀ ਵਰਗੀਆਂ ਦਿਲ ਦੇ ਕੋਰੇ ਪੰਨਿਆਂ ਤੇ ਜ਼ਿੰਦਗੀ ਦੇ ਹਸਤਾਖ਼ਰ ਲਿਖ ਜਾਂਦੀਆਂ ਨੇ ਤੇ ਨੈਣ ਉਹਨਾਂ ਹਸਤਾਖ਼ਰਾਂ ਨੂੰ ਪੜ੍ਹਦੇ ਨਹੀਂ ਥੱਕਦੇ।

ਕੁਝ ਯਾਦਾਂ ਹੁੰਦੀਆਂ ਨੇ  ਕੰਬਲਾਂ ਵਰਗੀਆਂ ਜਿਹੜੀਆਂ ਰੀਤਾਂ ਰਸਮਾਂ ਦੇ ਪਾਲੇ ਤੋਂ ਠਰੀ ਵਿਯੋਗਣ ਨੂੰ ਨਿੱਘ ਦਿੰਦੀਆਂ ਨੇ।

ਕੁਝ ਯਾਦਾਂ ਹੁੰਦੀਆਂ ਨੇ  ਅੱਗ ਵਰਗੀਆਂ ਸੀਨਾ ਸਾੜ ਕੇ ਰੱਖ ਦਿੰਦੀਆਂ ਨੇ ਪਰ ਪੋਹ ਮਾਘ ਦੀਆਂ ਰਾਤਾਂ 'ਚ ਅੱਗ ਵੀ ਲੋੜੀਂਦੀ ਏ।